ਸੱਚ ਦੀ ਆਵਾਜ਼ ਹੱਕ ਦੀ ਆਵਾਜ਼

# ਜ਼ਿਕਰ ਪੰਜਾਬ

ਕੁਲ ਪੰਨੇ : 8 ਮੁੱਲ : 3/- ਰੁਪਏ
ਲੁਧਿਆਣਾ : ਸੋਮਵਾਰ, 24 ਅਗਸਤ ਤੋਂ ਐਤਵਾਰ, 30 ਅਗਸਤ, 2026

WEEKLY ZIKAR PUNJAB
ਮੁੱਖ ਸੰਪਾਦਕ : ਅਸ਼ਵਨੀ ਜੇਤਲੀ/ਸਹਿ-ਸੰਪਾਦਕ : ਬਲਵਿੰਦਰ ਕੁਮਾਰ

ਹਫਤਾਵਾਰੀ ਅਖ਼ਬਾਰ
Ludhiana : Monday, 24 August to Sunday, 30 August 2026

E-mail : zikarpunjab44@gmail.com | RNI-PUNPUN/2017/75418 | ਮੋਬਾਈਲ ਨੰ. : 9815024577 | ਸਾਲ : 10 ਅੰਕ : 34 | Website : www.zikarpunjab.com



## ਸੈਕਟਰ 43 ਬੱਸ ਸਟੈਂਡ ਚੰਡੀਗੜ੍ਹ ਨੇੜਿਉਂ ਆਈ.ਈ.ਡੀ. ਤੇ ਹਥਿਆਰ ਬਰਾਮਦ

ਜ਼ਿਕਰ ਪੰਜਾਬ

**ਚੰਡੀਗੜ੍ਹ** : ਸ਼ਹਿਰ ਦੇ ਸੈਕਟਰ 43 ਦੇ ਬੱਸ ਸਟੈਂਡ ਨੇੜਿਓਂ ਸ਼ੱਕੀ ਆਈ.ਈ.ਡੀ. ਅਤੇ ਹਥਿਆਰ ਪੁਲਿਸ ਵੱਲੋਂ ਬਰਾਮਦ ਕਰਨ ਦੀ ਗੱਲ ਸਾਹਮਣੇ ਆਈ ਹੈ। ਜਾਣਕਾਰੀ ਸਾਹਮਣੇ ਆ ਰਹੀ ਹੈ ਕਿ ਇਸ ਮਾਮਲੇ ਵਿੱਚ 3 ਸ਼ੱਕੀ ਲੋਕਾਂ ਨੂੰ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਹੈ। ਇਸ ਮਾਮਲੇ ਵਿੱਚ ਪੁਲਿਸ ਵੱਲੋਂ ਮਾਮਲਾ ਦਰਜ ਕਰ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਸ ਘਟਨਾ ਦੇ ਸਾਹਮਣੇ ਆਉਣ ਤੋਂ ਬਾਅਦ ਚੰਡੀਗੜ੍ਹ ਪੁਲਿਸ ਅਤੇ ਹੋਰ ਏਜੰਸੀਆਂ ਅਲਰਟ ਮੋਡ ’ਤੇ ਹੋ ਗਈਆਂ ਹਨ। ਇਸ ਘਟਨਾ ਸਥਾਨ ਨੂੰ ਪੁਲਿਸ ਨੇ ਚਾਰੇ ਪਾਸੇ ਤੋਂ ਘੇਰ ਲਿਆ ਹੈ ਅਤੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਇਸ ਮਾਮਲੇ ਵਿੱਚ ਚੰਡੀਗੜ੍ਹ ਪੁਲਿਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ੱਕੀ ਆਈਈਡੀ ਅਤੇ ਹਥਿਆਰਾਂ ਨਾਲ ਸਬੰਧਤ ਮਾਮਲੇ ਦੇ ਸਬੰਧ ਵਿੱਚ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਸਟੇਸ਼ਨ 36, ਚੰਡੀਗੜ੍ਹ ਵਿਖੇ ਇੱਕ ਐਫਆਈਆਰ ਦਰਜ ਕੀਤੀ ਗਈ ਹੈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਤੋਂ ਇੱਕ ਸ਼ੱਕੀ ਆਈਈਡੀ ਅਤੇ ਹੋਰ ਸਮੱਗਰੀ ਬਰਾਮਦ ਕੀਤੀ ਗਈ ਹੈ। ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਚੰਡੀਗੜ੍ਹ ਪੁਲਿਸ ਪੂਰੀ ਚੌਕਸੀ ਰੱਖ ਰਹੀ ਹੈ ਅਤੇ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਾਰੇ ਜ਼ਰੂਰੀ ਕਦਮ ਚੁੱਕ ਰਹੀ ਹੈ ਅਤੇ ਅੱਗੇ ਦੀ ਜਾਂਚ ਜਾਰੀ ਹੈ। ਇਸ ਘਟਨਾ ਤੋਂ ਬਾਅਦ ਕਈ ਵੱਡੇ ਸਵਾਲ ਖੜ੍ਹੇ ਹੋ ਰਹੇ ਹਨ ਕਿ ਆਖਰ ਇਹ ਨੌਜਵਾਨ ਕੌਣ ਸਨ। ਕਿੱਥੋਂ ਆਏ ਸਨ, ਜਿਨ੍ਹਾਂ ਨੂੰ ਪੁਲਿਸ ਵੱਲੋਂ ਸ਼ੱਕ ਦੇ ਅਧਾਰ ’ਤੇ ਗ੍ਰਿਫਤਾਰ ਕੀਤਾ ਗਿਆ ਹੈ। ਵੱਡਾ ਸਵਾਲ ਕੀ ਇਨ੍ਹਾਂ ਵੱਲੋਂ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦਿੱਤਾ ਜਾਣਾ ਸੀ ਪਰ ਪਹਿਲਾਂ ਹੀ ਪੁਲਿਸ ਵੱਲੋਂ ਵੱਡੀ ਸਾਜ਼ਿਸ਼ ਨੂੰ ਨਕਾਮ ਕਰ ਦਿੱਤਾ ਗਿਆ ਹੈ।

### ਸੀਐਮ ਮਾਨ ਦੇ ਜੱਦੀ ਪਿੰਡ ਸਤੌਜ ’ਚ ਮੁਲਾਜ਼ਮਾਂ ਵੱਲੋਂ

## ਆਪਣੀਆਂ ਮੰਗਾਂ ਨੂੰ ਲੈ ਕੇ ਜ਼ਬਰਦਸਤ ਰੋਸ ਮੁਜ਼ਾਹਰਾ



ਜ਼ਿਕਰ ਪੰਜਾਬ

**ਸੰਗਰੂਰ** : ਪੁਰਾਣੀ ਪੈਨਸ਼ਨ ਬਹਾਲੀ ਸਾਂਝਾ ਮੰਚ ਦੇ ਸੱਦੇ ’ਤੇ ਪੰਜਾਬ ਭਰ ਤੋਂ ਹਜ਼ਾਰਾਂ ਐਨਪੀਐਸ ਮੁਲਾਜ਼ਮ ਮੁੱਖ ਮੰਤਰੀ ਭਗਵੰਤ ਮਾਨ ਦੇ ਜੱਦੀ ਪਿੰਡ ਸਤੌਜ ਵਿਖੇ ਇਕੱਠੇ ਹੋਏ। ਪੁਰਾਣੀ ਪੈਨਸ਼ਨ ਸਕੀਮ ਸਮੇਤ ਵੱਖ-ਵੱਖ ਮੰਗਾਂ ਨੂੰ ਲੈ ਕੇ ਮੁਲਾਜ਼ਮਾਂ ਨੇ ਸਰਕਾਰ ਖ਼?ਲਾਫ਼ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ। ਸਤੌਜ ਵੱਲ ਵਧ ਰਹੇ ਪ੍ਰਦਰਸ਼ਨਕਾਰੀਆਂ ਨੂੰ ਰੋਕਣ ਲਈ ਪੁਲਿਸ ਨੇ ਬੈਰੀਕੇਡ ਲਗਾਏ, ਜਿਨ੍ਹਾਂ ਨੂੰ ਤੋੜਨ ਦੌਰਾਨ ਧੱਕਾ-ਮੁੱਕੀ ਹੋਈ ਅਤੇ ਪੁਲਿਸ ਵੱਲੋਂ ਵਾਟਰ ਕੈਨਨ ਦੀ ਵਰਤੋਂ ਕੀਤੀ ਗਈ। ਰੈਲੀ ਤੋਂ ਬਾਅਦ ਮੁਲਾਜ਼ਮ ਨਾਅਰੇਬਾਜ਼ੀ ਕਰਦੇ ਹੋਏ ਸਤੌਜ ਵੱਲ ਵਧੇ। ਪੁਲਿਸ ਵੱਲੋਂ ਤਿੰਨ ਪੱਧਰੀ ਬੈਰੀਕੇਡਿੰਗ ਕੀਤੀ ਗਈ ਸੀ। ਪ੍ਰਦਰਸ਼ਨਕਾਰੀਆਂ ਅਤੇ ਪੁਲਿਸ ਵਿਚਕਾਰ ਧੱਕਾ-ਮੁੱਕੀ ਤੋਂ ਬਾਅਦ ਪ੍ਰਦਰਸ਼ਨਕਾਰੀਆਂ ਨੇ ਬੈਰੀਕੇਡ ਤੋੜ ਦਿੱਤੇ।

**ਪੁਲਿਸ ਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਧੱਕਾ-ਮੁੱਕੀ, ਤੋੜੇ ਬੈਰੀਕੇਡ, ਮਾਰੀਆਂ ਪਾਣੀ ਦੀਆਂ ਬੁਛਾੜਾਂ**

ਇਸ ਦੌਰਾਨ ਪੁਲਿਸ ਨੇ ਉਨ੍ਹਾਂ ਨੂੰ ਰੋਕਣ ਲਈ ਵਾਟਰ ਕੈਨਨ ਚਲਾਇਆ ਅਤੇ ਪਾਣੀ ਦੀਆਂ ਬੁਛਾੜਾਂ ਮਾਰੀਆਂ। ਰੈਲੀ ਦੀ ਅਗਵਾਈ ਸੂਬਾ ਕਨਵੀਨਰ ਜਸਵੀਰ ਸਿੰਘ ਤਲਵਾੜਾ, ਸੁਖਜੀਤ ਸਿੰਘ ਡਿੰਪੀ ਅਤੇ ਗੁਰਜੰਟ ਸਿੰਘ ਕੋਕਰੀ ਕਲਾਂ ਨੇ ਕੀਤੀ। ਇਸ ਮੌਕੇ ਮੁਲਾਜ਼ਮ ਆਗੂਆਂ ਨੇ ਪੰਜਾਬ ਸਰਕਾਰ ’ਤੇ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਪੂਰੇ ਨਾ • ਬਾਕੀ ਸਫ਼ਾ 2 ’ਤੇ



## ਭਾਰਤ ’ਚ ਟੈਲੇਂਟ ਦੀ ਕਮੀ ਨਹੀਂ : ਮੋਦੀ

ਜ਼ਿਕਰ ਪੰਜਾਬ

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਦੇ ਪੁਲਾੜ ਖੇਤਰ ਵਿੱਚ ਕ੍ਰਾਂਤੀ ਲਿਆ ਰਹੇ ਨਵੇਂ ਸਪੇਸ ਸਟਾਰਟਅੱਪਸ ਦੀ ਖੁੱਲ੍ਹ ਕੇ ਸ਼ਲਾਘਾ ਕੀਤੀ ਹੈ। ਉਨ੍ਹਾਂ ਦੇਸ਼ ਦੇ 20 ਪ੍ਰਮੁੱਖ ਸਪੇਸ ਸਟਾਰਟਅੱਪਸ ਦੇ ਸੀ.ਈ.ਓਜ਼ ਅਤੇ ਸੰਸਥਾਪਕਾਂ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਕਿਹਾ ਕਿ ਭਾਰਤ ਵਿੱਚ ਪ੍ਰਤਿਭਾ ਦੀ ਕੋਈ ਕਮੀ ਨਹੀਂ ਹੈ ਅਤੇ ਦੇਸ਼ ਨੇ ਪੁਲਾੜ ਖੇਤਰ ਵਿੱਚ ਵੱਡੀਆਂ ਇਤਿਹਾਸਕ ਪ੍ਰਾਪਤੀਆਂ ਦਰਜ ਕੀਤੀਆਂ ਹਨ। ਪ੍ਰਧਾਨ ਮੰਤਰੀ ਨੇ ਨੌਜਵਾਨ ਉੱਦਮੀਆਂ ਦਾ ਹੌਸਲਾ ਵਧਾਉਂਦਿਆਂ ਭਰੋਸਾ ਦਿੱਤਾ ਕਿ ਉਹ ਨਵੀਨਤਾਕਾਰੀ ਵਿਚਾਰਾਂ ਨਾਲ ਜੋਖਮ ਚੁੱਕਣ, ਸਰਕਾਰ ਹਰ ਕਦਮ ‘ਤੇ ਉਨ੍ਹਾਂ ਦੀ ਪੂਰੀ ਹਮਾਇਤ ਕਰੇਗੀ। ਗੱਲਬਾਤ ਦੌਰਾਨ ਉਨ੍ਹਾਂ ਦੇਸ਼ ਵਿੱਚ ਅਜਿਹਾ ਢਾਂਚਾ ਤੇ ਮਾਹੌਲ ਸਿਰਜਣ ‘ਤੇ ਜ਼ੋਰ

**ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਦੇ ਪੁਲਾੜ ਖੇਤਰ ਵਿੱਚ ਕ੍ਰਾਂਤੀ ਲਿਆ ਰਹੇ ਨਵੇਂ ਸਪੇਸ ਸਟਾਰਟਅੱਪਸ ਦੀ ਖੁੱਲ੍ਹ ਕੇ ਸ਼ਲਾਘਾ ਕੀਤੀ**

ਦਿੱਤਾ, ਜਿਸ ਨਾਲ ਦੁਨੀਆ ਭਰ ਦੀਆਂ ਪੁਲਾੜ ਖੋਜ ਪ੍ਰਤਿਭਾਵਾਂ ਭਾਰਤ ਵੱਲ ਆਕਰਸ਼ਿਤ ਹੋਣ। ਸਟਾਰਟਅੱਪ ਮੁਖੀਆਂ ਨਾਲ ਸੰਵਾਦ ਦੌਰਾਨ ਪ੍ਰਧਾਨ ਮੰਤਰੀ ਨੇ ਠੋਸ ਸਰਕਾਰੀ ਨੀਤੀਆਂ ਦੀ ਅਹਿਮੀਅਤ ਨੂੰ ਰੇਖਾਂਕਿਤ ਕੀਤਾ। ਉਨ੍ਹਾਂ ਕਿਹਾ ਕਿ ਸਥਿਰ ਅਤੇ ਸਪੱਸ਼ਟ ਨੀਤੀਆਂ ਹੀ ਜੋਖਮ ਲੈਣ ਵਾਲਿਆਂ ਵਿੱਚ ਅਸਲ ਵਿਸ਼ਵਾਸ ਪੈਦਾ ਕਰਦੀਆਂ ਹਨ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਇਨ੍ਹਾਂ ਉੱਦਮੀਆਂ ਨੇ ਇੱਕ ਚੁਣੌਤੀਪੂਰਨ ਖੇਤਰ ਵਿੱਚ ਅੱਗੇ ਵਧਣ ਦਾ ਸਾਹਸ ਦਿਖਾਇਆ ਹੈ। ਉਨ੍ਹਾਂ ਕਿਹਾ, “ਸਭ ਤੋਂ ਵੱਡੀ ਗੱਲ ਇਹ ਹੈ ਕਿ ਤੁਸੀਂ ਸਰਕਾਰ ਦੇ ਵਿਜ਼ਨ ‘ਤੇ ਭਰੋਸਾ ਜਤਾਇਆ ਹੈ। ਸਾਡੀ ਹਮੇਸ਼ਾ ਇਹ ਸੋਚ ਰਹੀ ਹੈ ਕਿ ਜੋ ਫ਼ੈਸਲਾ ਇੱਕ ਵਾਰ ਲਿਆ ਜਾਵੇ, ਉਸ ‘ਤੇ ਦ੍ਰਿੜ੍ਹ ਰਿਹਾ ਜਾਵੇ ਅਤੇ ਵਾਰ-ਵਾਰ ਨੀਤੀਆਂ ਵਿੱਚ ਬਦਲਾਅ ਨਾ ਕੀਤਾ ਜਾਵੇ। ਇਸ ਨਾਲ ਜੋਖਮ ਉਠਾਉਣ ਵਾਲੇ ਉੱਦਮੀ • ਬਾਕੀ ਸਫ਼ਾ 2 ’ਤੇ

## ਜਲੰਧਰ ਹਾਈਟਸ ਦੀ ਇਮਾਰਤ ਤੋਂ ਡਿੱਗੀ 21 ਸਾਲਾ ਲੜਕੀ ਦੀ ਮੌਤ

ਜ਼ਿਕਰ ਪੰਜਾਬ

**ਜਲੰਧਰ** : ਜਲੰਧਰ ਦੇ 66 ਫੁੱਟ ਰੋਡ ਸਥਿਤ ਜਲੰਧਰ ਹਾਈਟਸ ਤੋਂ ਇੱਕ ਦੁਖਦਾਈ ਘਟਨਾ ਸਾਹਮਣੇ ਆਈ ਹੈ। ਇੱਥੇ 21 ਸਾਲਾ ਲੜਕੀ ਮਹਿਕਪ੍ਰੀਤ ਕੌਰ ਦੀ ਸ਼ੱਕੀ ਹਾਲਾਤਾਂ ਵਿੱਚ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਥਾਣਾ ਸਦਰ ਪੁਲਿਸ ਮੌਕੇ ‘ਤੇ ਪਹੁੰਚੀ ਅਤੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਸਿਵਲ ਹਸਪਤਾਲ ਭੇਜ ਦਿੱਤਾ। ਪਰਿਵਾਰ ਵੱਲੋਂ ਪੁਲਿਸ ਨੂੰ ਦਿੱਤੇ ਬਿਆਨ ਅਨੁਸਾਰ ਮਹਿਕਪ੍ਰੀਤ ਸਵੇਰੇ ਸੈਰ ਕਰਦੇ ਸਮੇਂ ਬਾਲਕਨੀ ਵੱਲ ਗਈ ਸੀ, ਜਿੱਥੋਂ ਉਹ ਅਚਾਨਕ ਹੇਠਾਂ ਡਿੱਗ ਗਈ। ਹਾਦਸੇ ਵਿੱਚ ਉਸ ਦੀ ਮੌਕੇ ‘ਤੇ ਹੀ ਮੌਤ ਹੋ ਗਈ। ਹਾਲਾਂਕਿ ਪੁਲਿਸ ਦੀ ਮੁੱਢਲੀ ਜਾਂਚ ਵਿੱਚ ਮਾਮਲਾ ਖੁਦਕੁਸ਼ੀ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਪਰਿਵਾਰ ਨੇ ਪੁਲਿਸ ਨੂੰ ਇਹ ਵੀ ਦੱਸਿਆ ਕਿ ਮਹਿਕਪ੍ਰੀਤ ਡਿਪ੍ਰੈਸ਼ਨ ਲਈ ਦਵਾਈਆਂ ਲੈ ਰਹੀ ਸੀ। ਉਹ 21 ਫਾਈਨਲ ਸਮੈਸਟਰ ਦੀ ਵਿਦਿਆਰਥਣ ਸੀ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਮੌਤ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਲਈ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ। ਪਰਿਵਾਰ ਵੱਲੋਂ ਮਹਿਕਪ੍ਰੀਤ ਕੌਰ ਦੇ ਅੰਤਿਮ ਸੰਸਕਾਰ ਸਬੰਧੀ ਪੋਸਟਰ ਵੀ ਜਾਰੀ ਕੀਤਾ ਗਿਆ ਹੈ। ਜਾਣਕਾਰੀ ਮੁਤਾਬਕ ਅੰਤਿਮ ਸੰਸਕਾਰ ਸ਼ਾਮ 4 ਵਜੇ ਮਾਡਲ ਟਾਊਨ ਸ਼ਮਸ਼ਾਨਘਾਟ ਵਿਖੇ ਕੀਤਾ ਜਾਵੇਗਾ।

## ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਵਾਲੇ ਨੈੱਟਵਰਕ ਨਾਲ ਜੁੜੇ ਦੋ ਵਿਅਕਤੀ 10 ਅਤਿ-ਆਧੁਨਿਕ ਪਿਸਤੌਲਾਂ ਸਮੇਤ ਕਾਬੂ

**ਮਾਮਲੇ ’ਚ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਜਾਰੀ**

ਜ਼ਿਕਰ ਪੰਜਾਬ

**ਅੰਮ੍ਰਿਤਸਰ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚਲਾਈ ਜਾ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ ਕਾਊਂਟਰ ਇੰਟੈਲੀਜੈਂਸ (ਸੀ.ਆਈ.) ਅੰਮ੍ਰਿਤਸਰ ਨੇ ਦੋ ਵਿਅਕਤੀਆਂ ਨੂੰ 10 ਅਤਿ-ਆਧੁਨਿਕ ਪਿਸਤੌਲਾਂ, ਮੈਗਜ਼ੀਨਾਂ ਅਤੇ 10 ਜ਼ਿੰਦਾ ਕਾਰਤੂਸਾਂ ਸਮੇਤ ਗ੍ਰਿਫ਼ਤਾਰ ਕਰਕੇ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਵਾਲੇ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।




ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਗੁਰਪ੍ਰੀਤ ਸਿੰਘ ਪੁੱਤਰ ਇਕਬਾਲ ਸਿੰਘ ਅਤੇ ਗੁਰਪ੍ਰੀਤ ਸਿੰਘ ਪੁੱਤਰ ਗੁਲਜ਼ਾਰ ਸਿੰਘ, ਦੋਵੇਂ ਵਾਸੀ ਪਿੰਡ ਹਵੇਲੀਆਂ, ਤਰਨਤਾਰਨ, ਵਜੋਂ ਹੋਈ ਹੈ। ਬਰਾਮਦ ਕੀਤੇ ਗਏ ਹਥਿਆਰਾਂ ਵਿੱਚ ਨੌਂ 9-ਐਮਐਮ ਪਿਸਤੌਲਾਂ ਅਤੇ ਇੱਕ .30 ਬੋਰ ਪਿਸਤੌਲ ਸ਼ਾਮਲ ਹੈ। ਹਥਿਆਰ ਬਰਾਮਦ ਕਰਨ ਤੋਂ ਇਲਾਵਾ, ਪੁਲਿਸ ਟੀਮਾਂ ਨੇ ਉਨ੍ਹਾਂ ਦਾ ਗ੍ਰੇਅ ਰੰਗ ਦਾ ਮੋਟਰਸਾਈਕਲ ਬਜਾਜ ਪਲਾਟਿਨਾ (ਪੀ.ਬੀ.-38-ਸੀ-1658), ਜਿਸ ਨੂੰ ਖੇਪਾਂ ਦੀ ਢੋਆ-ਢੁਆਈ ਲਈ ਵਰਤਿਆ ਜਾਂਦਾ ਸੀ, ਵੀ ਜ਼ਬਤ ਕਰ ਲਿਆ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਪ੍ਰਾਰੰਭਿਕ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਕਥਿਤ ਤੌਰ ’ਤੇ ਵਿਦੇਸ਼ ਅਧਾਰਤ ਹੈਂਡਲਰ ਦੇ ਸੰਪਰਕ ਵਿੱਚ ਸਨ ਅਤੇ ਪੰਜਾਬ ਵਿੱਚ ਹੋਰ ਧਿਰਾਂ ਨੂੰ ਅੱਗੇ ਸਪਲਾਈ ਕਰਨ ਲਈ ਸਰਹੱਦ ਪਾਰੋਂ ਗੈਰ-ਕਾਨੂੰਨੀ ਹਥਿਆਰਾਂ ਦੀਆਂ ਖੇਪਾਂ ਪ੍ਰਾਪਤ ਕਰ ਰਹੇ ਸਨ। ਕਾਰਵਾਈ • ਬਾਕੀ ਸਫ਼ਾ 2 ’ਤੇ

## ਐਨ.ਆਰ.ਆਈ. ਮਿਲਣੀ 26 ਅਗਸਤ ਨੂੰ ਬਠਿੰਡਾ ’ਚ : ਡਾ. ਰਵਜੋਤ ਸਿੰਘ

ਜ਼ਿਕਰ ਪੰਜਾਬ

**ਚੰਡੀਗੜ੍ਹ** : ਪੰਜਾਬ ਸਰਕਾਰ ਵੱਲੋਂ ਪ੍ਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ, ਸ਼ਿਕਾਇਤਾਂ ਅਤੇ ਵੱਖ-ਵੱਖ ਮੁੱਦਿਆਂ ਦੇ ਪ੍ਰਭਾਵਸ਼ਾਲੀ ਅਤੇ ਸਮੇਂ ਸਿਰ ਹੱਲ ਲਈ ਐਨ. ਆਰ. ਆਈ. ਮਿਲਣੀਆਂ ਦਾ ਸਿਲਸਿਲਾ ਜਾਰੀ ਰੱਖਦਿਆਂ 26 ਅਗਸਤ, 2026 ਨੂੰ ਬਠਿੰਡਾ ਵਿਖੇ ਐਨ. ਆਰ. ਆਈ. ਮਿਲਣੀ ਕਰਵਾਈ ਜਾ ਰਹੀ ਹੈ। ਪੰਜਾਬ ਦੇ ਐਨ.ਆਰ.ਆਈ ਮਾਮਲਿਆਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮਿਲਣੀ ਮੌਕੇ ਪ੍ਰਵਾਸੀ ਪੰਜਾਬੀ ਆਪਣੀਆਂ ਸਮੱਸਿਆਵਾਂ, ਸ਼ਿਕਾਇਤਾਂ ਅਤੇ ਸੁਝਾਅ ਸਿੱਧੇ ਤੌਰ ’ਤੇ ਸੂਬੇ ਦੇ ਸੀਨੀਅਰ ਸਿਵਲ ਅਤੇ ਪੁਲਿਸ ਅਧਿਕਾਰੀਆਂ ਸਾਹਮਣੇ ਰੱਖ ਸਕਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਉਦੇਸ਼ ਪ੍ਰਵਾਸੀ ਪੰਜਾਬੀਆਂ ਨੂੰ ਦਰਪੇਸ਼ ਮਸਲਿਆਂ ਦੀ ਮੌਕੇ ’ਤੇ ਸੁਣਵਾਈ ਕਰਦਿਆਂ ਸਬੰਧਤ ਵਿਭਾਗਾਂ ਨਾਲ ਤਾਲਮੇਲ ਰਾਹੀਂ ਸੰਭਵ ਹੱਲ ਯਕੀਨੀ ਬਣਾਉਣਾ ਹੈ।



ਐਨ. ਆਰ. ਆਈ. ਮਿਲਣੀ ਦਾ ਵੇਰਵਾ ਦਿੰਦਿਆਂ ਐਨ. ਆਰ. ਆਈ ਮੰਤਰੀ ਨੇ ਦੱਸਿਆ ਕਿ ਇਹ ਮਿਲਣੀ 26 ਅਗਸਤ, ਦਿਨ ਬੁੱਧਵਾਰ ਨੂੰ ਸਵੇਰੇ 11:00 ਵਜੇ, ਹੋਟਲ ਸੇਪਲ, ਜੀ.ਟੀ. ਰੋਡ, ਨੇੜੇ ਤਿੰਨਕੋਨੀ, ਬਠਿੰਡਾ ਵਿਖੇ ਹੋਵੇਗੀ। ਉਨ੍ਹਾਂ ਦੱਸਿਆ ਕਿ ਇਸ ਐਨ. ਆਰ. ਆਈ. ਮਿਲਣੀ ਵਿੱਚ ਬਠਿੰਡਾ, ਮੋਗਾ, ਫਿਰੋਜ਼ਪੁਰ, ਫਰੀਦਕੋਟ, ਫਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ ਅਤੇ ਮਾਨਸਾ ਜ਼ਿਲ੍ਹਿਆਂ ਨਾਲ ਸਬੰਧਤ ਪ੍ਰਵਾਸੀ ਪੰਜਾਬੀ ਭਾਰਤੀ • ਬਾਕੀ ਸਫ਼ਾ 2 ’ਤੇ

## ਗੈਂਗਸਟਰਾਂ ’ਤੇ ਵਾਰ ਦਾ 215ਵਾਂ ਦਿਨ: ਪੰਜਾਬ ਪੁਲਿਸ ਵੱਲੋਂ 584 ਥਾਈਂ ਛਾਪੇਮਾਰੀ; 341 ਕਾਬੂ

ਜ਼ਿਕਰ ਪੰਜਾਬ

**ਚੰਡੀਗੜ੍ਹ** : ਸੂਬੇ ਵਿੱਚ ਚੱਲ ਰਹੀ ਮੁਹਿੰਮ ’ਗੈਂਗਸਟਰਾਂ ’ਤੇ ਵਾਰ’ ਦੇ 215ਵੇਂ ਦਿਨ, ਪੰਜਾਬ ਪੁਲਿਸ ਨੇ ਅੱਜ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਅਤੇ ਮੈਪ ਕੀਤੇ 610 ਟਿਕਾਣਿਆਂ ’ਤੇ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ ‘ਗੈਂਗਸਟਰਾਂ ‘ਤੇ ਵਾਰ’- ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ, ਜੋ 20 ਜਨਵਰੀ, 2026 ਨੂੰ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਵੱਲੋਂ ਸ਼ੁਰੂ ਕੀਤੀ ਗਈ ਸੀ। ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਰਾਜ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ। 215ਵੇਂ ਦਿਨ, ਪੁਲਿਸ ਟੀਮਾਂ ਨੇ ਤਿੰਨ ਹਥਿਆਰਾਂ ਸਮੇਤ 341 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਬਾਅਦ ਕੁੱਲ ਗ੍ਰਿਫ਼ਤਾਰੀਆਂ 63,758 ਹੋ ਗਈਆਂ। ਇਸ ਤੋਂ ਇਲਾਵਾ 209 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ • ਬਾਕੀ ਸਫ਼ਾ 2 ’ਤੇ

## ਮੁੰਬਈ ’ਚ 22 ਫੁੱਟ ਉੱਚੀ ਗਣੇਸ਼ ਮੂਰਤੀ ਡਿੱਗੀ, 2 ਦੀ ਮੌਤ

ਜ਼ਿਕਰ ਪੰਜਾਬ

**ਮੁੰਬਈ** : ਮੁੰਬਈ ਦੇ ਭੁਲੇਸ਼ਵਰ ਇਲਾਕੇ ਵਿੱਚ ਸ਼ਨੀਵਾਰ ਰਾਤ ਇੱਕ ਦਰਦਨਾਕ ਹਾਦਸਾ ਵਾਪਰਿਆ। ਭੁਲੇਸ਼ਵਰਚਾ ਰਾਜਾ ਗਣਪਤੀ ਮੰਡਲ ਦੀ ਕਰੀਬ 3 ਟਨ ਵਜ਼ਨ ਵਾਲੀ ਗਣੇਸ਼ ਮੂਰਤੀ ਪੰਡਾਲ ਵਿੱਚ ਸਥਾਪਿਤ ਕੀਤੇ ਜਾਣ ਤੋਂ ਪਹਿਲਾਂ ਹੀ ਤਕਨੀਕੀ ਕਾਰਨਾਂ ਕਰਕੇ ਡਿੱਗ ਗਈ। ਇਹ ਹਾਦਸਾ ਬਲਰਾਮ ਮਰਚੈਂਟ ਰੋਡ, ਕਬੂਤਰਖਾਨਾ, ਜੈ ਅੰਬੇ ਚੌਕ, ਭੁਲੇਸ਼ਵਰ ਇਲਾਕੇ ਵਿੱਚ ਵਾਪਰਿਆ। ਜਾਣਕਾਰੀ ਮੁਤਾਬਕ, 22 ਅਗਸਤ ਦੀ ਰਾਤ ਕਰੀਬ 9:51 ਵਜੇ ਗਣੇਸ਼ ਮੂਰਤੀ ਦੇ ਆਗਮਨ ਸਮਾਗਮ ਦੌਰਾਨ ਇਹ ਹਾਦਸਾ ਹੋਇਆ। ਮੂਰਤੀ ਦੀ ਲਪੇਟ ਵਿੱਚ ਆਉਣ ਨਾਲ ਕੁੱਲ 7 ਲੋਕ ਪ੍ਰਭਾਵਿਤ ਹੋਏ, ਜਿਨ੍ਹਾਂ ਵਿੱਚੋਂ 2 ਲੋਕਾਂ ਦੀ ਮੌਤ ਹੋ ਗਈ, ਜਦਕਿ 5 ਲੋਕ ਜ਼ਖਮੀ ਹਨ। ਮ੍ਰਿਤਕਾਂ ਦੀ ਪਛਾਣ ਸੰਕਤੇ ਨੇਵਸੇ (33) ਅਤੇ ਬ੍ਰਿਜੇਸ਼ ਹੇਮੰਤ ਜੋਸ਼ੀ (30) ਵਜੋਂ ਹੋਈ ਹੈ। ਸੰਕਤੇ ਨੇਵਸੇ ਭੁਲੇਸ਼ਵਰਚਾ ਰਾਜਾ ਗਣਪਤੀ ਮੰਡਲ ਦੇ ਪ੍ਰਧਾਨ ਸਨ। ਉਨ੍ਹਾਂ ਨੂੰ ਰਿਲਾਇੰਸ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਦੂਜੇ ਮ੍ਰਿਤਕ ਬ੍ਰਿਜੇਸ਼ ਹੇਮੰਤ ਜੋਸ਼ੀ ਪੇਸ਼ੇ ਤੋਂ ਅਕਾਊਂਟੈਂਟ ਸਨ ਅਤੇ ਗਣੇਸ਼ ਭਗਤ ਵਜੋਂ ਸਮਾਗਮ ਵਿੱਚ ਮੌਜੂਦ ਸਨ। ਉਨ੍ਹਾਂ ਨੂੰ • ਬਾਕੀ ਸਫ਼ਾ 2 ’ਤੇ



## ਸੰਸਦ ਦਾ ਮੌਨਸੂਨ ਇਜਲਾਸ ਅਣਮਿੱਥੇ ਸਮੇਂ ਲਈ ਮੁਲਤਵੀ ਪਰ ਖ਼ਤਮ ਨਹੀਂ

ਜ਼ਿਕਰ ਪੰਜਾਬ

**ਨਵੀਂ ਦਿੱਲੀ** : ਸੰਸਦ ਦਾ ਮੌਨਸੂਨ ਇਜਲਾਸ 13 ਅਗਸਤ ਨੂੰ ਅਣਮਿੱਥੇ ਸਮੇਂ ਲਈ ਮੁਲਤਵੀ ਹੋਣ ਦੇ 10 ਦਿਨ ਬੀਤ ਜਾਣ ਤੋਂ ਬਾਅਦ ਵੀ ਤੱਕ ਰਸਮੀ ਤੌਰ ’ਤੇ ਖ਼ਤਮ ਨਹੀਂ ਕੀਤਾ ਗਿਆ। ਇਸ ਕਾਰਨ ਰਾਜਨੀਤਿਕ ਹਲਕਿਆਂ ਵਿੱਚ ਇਹ ਚਰਚਾ ਜ਼ੋਰ ਫੜ ਗਈ ਹੈ ਕਿ ਕੇਂਦਰ ਸਰਕਾਰ 2029 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਮਹਿਲਾ ਰਾਖਵੇਂਕਰਨ ਕਾਨੂੰਨ ਨੂੰ ਲਾਗੂ ਕਰਨ ਲਈ ਹੱਦਬੰਦੀ ਨਾਲ ਜੁੜਿਆ ਇੱਕ ਮਹੱਤਵਪੂਰਨ ਸੰਵਿਧਾਨਕ ਸੋਧ ਬਿਲ ਪਾਸ ਕਰਵਾਉਣ ਲਈ ਵਿਸ਼ੇਸ਼ ਬੈਠਕ ਬੁਲਾ ਸਕਦੀ ਹੈ। ਆਮ ਤੌਰ ’ਤੇ ਇਜਲਾਸ ਮੁਲਤਵੀ ਹੋਣ ਤੋਂ 3-4 ਦਿਨਾਂ ਦੇ ਅੰਦਰ ਰਾਸ਼ਟਰਪਤੀ ਵੱਲੋਂ ਇਸ ਦੀ ਸਮਾਪਤੀ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਜਾਂਦਾ ਹੈ। ਸੂਤਰਾਂ ਮੁਤਾਬਕ, ਬਜਟ ਇਜਲਾਸ ਦੌਰਾਨ ਦੱਖਣੀ ਰਾਜਾਂ ਦੀਆਂ ਵਿਰੋਧੀ ਧਿਰਾਂ ਦੇ ਵਿਰੋਧ ਕਾਰਨ ਸਰਕਾਰ ਲੋੜੀਂਦਾ ਬਹੁਮਤ ਜੁਟਾਉਣ ਵਿੱਚ

**■ ਮਹਿਲਾ ਰਾਖਵੇਂਕਰਨ ’ਤੇ ਵਿਸ਼ੇਸ਼ ਬਿਲ ਲਿਆਉਣ ਦੀਆਂ ਚਰਚਾਵਾਂ**

## ਗੋਲਡੀ ਬਰਾੜ ਨੇ ਸਿੱਖ ਆਗੂ ਨਿੱਝਰ ਦੇ ਕਤਲ ਦੀ ਲਈ ਜ਼ਿੰਮੇਵਾਰੀ

ਜ਼ਿਕਰ ਪੰਜਾਬ

**ਟੋਰਾਂਟੋ** : ਕੈਨੇਡਾ ਵਿੱਚ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਮਾਮਲੇ ਨੂੰ ਲੈ ਕੇ ਗੈਂਗਸਟਰ ਗੋਲਡੀ ਬਰਾੜ ਦੇ ਕਥਿਤ ਬਿਆਨ ਨੇ ਨਵੀਂ ਚਰਚਾ ਛੇੜ ਦਿੱਤੀ ਹੈ। ਲਾਰੈਂਸ ਬਿਸ਼ਨੋਈ ਗੈਂਗ ਨਾਲ ਜੁੜੇ ਗੋਲਡੀ ਬਰਾੜ ਨੇ ਸਿੱਖ ਆਗੂ ਪਰਮਜੀਤ ਸਿੰਘ ਪੰਮਾ ਨਾਲ ਗੱਲਬਾਤ ਦੌਰਾਨ ਦਾਅਵਾ ਕੀਤਾ ਕਿ ਨਿੱਝਰ ਦੇ ਕਤਲ ਪਿੱਛੇ ਉਸਦਾ ਹੱਥ ਸੀ। ਬਰਾੜ ਨੇ ਦਾਅਵਾ ਕੀਤਾ ਕਿ ਨਿੱਝਰ ਉਨ੍ਹਾਂ ਲੋਕਾਂ ਦਾ ਸਮਰਥਨ ਕਰਦਾ ਸੀ, ਜੋ ਨੌਜਵਾਨਾਂ ਨੂੰ ਨਸ਼ਿਆਂ ਵੱਲ ਧੱਕਣ, ਨਸ਼ੇ ਵੇਚਣ ਅਤੇ ਮੁਖਬਰੀ ਕਰਨ ਲਈ ਮਜਬੂਰ ਕਰਨ ਵਰਗੀਆਂ ਗਤੀਵਿਧੀਆਂ ਵਿੱਚ ਸ਼ਾਮਲ ਸਨ। ਉਸ ਮੁਤਾਬਕ ਨਿੱਝਰ ਇਨ੍ਹਾਂ ਲੋਕਾਂ ਨੂੰ ਮਜ਼ਬੂਤ ਕਰ ਰਿਹਾ ਸੀ ਤਾਂ ਜੋ ਭਵਿੱਖ ਵਿੱਚ ਉਨ੍ਹਾਂ ਦੀ ਵਰਤੋਂ ਕੀਤੀ ਜਾ ਸਕੇ। ਗੋਲਡੀ ਬਰਾੜ ਨੇ ਕਿਹਾ ਕਿ ਉਸਨੇ ਗੁਰਦੁਆਰੇ ਦੇ ਅੰਦਰ ਗੋਲੀ ਨਹੀਂ ਚਲਾਈ ਕਿਉਂਕਿ ਉਹ ਗੁਰੂ ਘਰ ਹੈ। ਉਸਨੇ ਦਾਅਵਾ ਕੀਤਾ ਕਿ ਉਹ ਨਿੱਝਰ ਦੇ ਬਾਹਰ ਆਉਣ ਦੀ ਉਡੀਕ ਕਰ ਰਿਹਾ ਸੀ। ਬਰਾੜ ਨੇ ਇਹ ਵੀ ਕਿਹਾ ਕਿ ਉਸਨੂੰ ਸ਼ੱਕ ਸੀ ਕਿ ਅਰਸ਼ ਡੱਲਾ ਨਿੱਝਰ ਦੀ ਕਾਰ ਵਿੱਚ ਮੌਜੂਦ ਸੀ ਅਤੇ ਜੇਕਰ ਉਹ ਉਸਦੇ ਨਾਲ ਹੁੰਦਾ ਤਾਂ ਉਸਨੂੰ ਵੀ ਨਿਸ਼ਾਨਾ ਬਣਾਇਆ ਜਾਂਦਾ। ਬਰਾੜ ਦੇ ਦਾਅਵੇ ਮੁਤਾਬਕ ਨਿੱਝਰ ’ਤੇ ਕਈ ਗੋਲੀਆਂ ਚਲਾਈਆਂ ਗਈਆਂ ਅਤੇ ਉਨ੍ਹਾਂ ਵਿੱਚੋਂ 34 ਗੋਲੀਆਂ ਉਸਨੂੰ ਲੱਗੀਆਂ। ਨਿੱਝਰ ਦੀ 2023 ਵਿੱਚ ਕੈਨੇਡਾ ਦੇ ਇੱਕ ਗੁਰਦੁਆਰੇ ਦੇ ਬਾਹਰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇਸ ਘਟਨਾ ਤੋਂ ਬਾਅਦ • ਬਾਕੀ ਸਫ਼ਾ 2 ’ਤੇ

## ਬੰਗਲਾਦੇਸ਼ ’ਚ ਹਿੰਦੂ ਪਰਿਵਾਰ ਦੇ 4 ਮੈਂਬਰਾਂ ਦਾ ਕਤਲ

ਜ਼ਿਕਰ ਪੰਜਾਬ

**ਢਾਕਾ** : ਬੰਗਲਾਦੇਸ਼ ਵਿੱਚ ਇੱਕ ਹਿੰਦੂ ਪਰਿਵਾਰ ਦੇ ਚਾਰ ਮੈਂਬਰਾਂ ਦੀ ਸ਼ੱਕੀ ਹਾਲਾਤਾਂ ਵਿੱਚ ਮੌਤ ਹੋ ਗਈ ਹੈ। ਉਨ੍ਹਾਂ ਦੀਆਂ ਲਾਸ਼ਾਂ ਉਨ੍ਹਾਂ ਦੇ ਘਰੋਂ ਬਰਾਮਦ ਕੀਤੀਆਂ ਗਈਆਂ ਹਨ। ਮ੍ਰਿਤਕਾਂ ਵਿੱਚ ਸੇਵਾਮੁਕਤ ਅਧਿਆਪਕ ਗਣਪਤੀ ਚੱਕਰਵਰਤੀ, ਉਨ੍ਹਾਂ ਦੀ ਪਤਨੀ ਪ੍ਰੀਤੀਲਤਾ, ਧੀ ਅਗਮੀ ਅਤੇ 12 ਸਾਲਾ ਪੁੱਤਰ ਪ੍ਰਿਯਮ ਸ਼ਾਮਲ ਹਨ। ਇਸ ਘਟਨਾ ਨੇ ਹਲਚਲ ਮਚਾ ਦਿੱਤੀ ਹੈ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਹਿੰਦੂ ਪਰਿਵਾਰ ਨੂੰ ਕਿਸ ਨੇ ਨਿਸ਼ਾਨਾ ਬਣਾਇਆ ਅਤੇ ਹਮਲਾ ਕਿਸ ਨੇ ਕੀਤਾ। ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਰਿਪੋਰਟਾਂ ਅਨੁਸਾਰ, ਇਹ ਘਟਨਾ ਬੰਗਲਾਦੇਸ਼ ਦੇ ਰੰਗਪੁਰ ਸ਼ਹਿਰ ਵਿੱਚ ਵਾਪਰੀ। ਇੱਕ ਸੇਵਾਮੁਕਤ



ਸਕੂਲ ਅਧਿਆਪਕ, ਉਸਦੀ ਪਤਨੀ, ਧੀ ਅਤੇ ਪੁੱਤਰ ਦੀਆਂ ਲਾਸ਼ਾਂ ਸ਼ਨੀਵਾਰ ਦੇਰ ਰਾਤ ਇੱਕ ਬੰਦ ਘਰ ਵਿੱਚੋਂ ਮਿਲੀਆਂ। ਰੰਗਪੁਰ ਮੈਟਰੋਪੋਲੀਟਨ ਕੋਤਵਾਲੀ ਪੁਲਿਸ ਸਟੇਸ਼ਨ ਦੇ ਇੰਚਾਰਜ ਅਧਿਕਾਰੀ ਨਜ਼ਮੁਲ ਕਾਦਰ ਦੇ ਅਨੁਸਾਰ, ਪੁਲਿਸ ਨੇ ਬੰਦ ਘਰ ਵਿੱਚ ਦਾਖਲ ਹੋ ਕੇ ਲਾਸ਼ਾਂ ਬਰਾਮਦ ਕੀਤੀਆਂ। ਉਨ੍ਹਾਂ ਦੱਸਿਆ ਕਿ ਲਾਸ਼ਾਂ ਸ਼ਹਿਰ ਦੇ ਦਾਸਪਾਰਾ ਖੇਤਰ ਤੋਂ ਰਾਤ 11:30 ਵਜੇ ਦੇ ਕਰੀਬ ਬਰਾਮਦ ਕੀਤੀਆਂ ਗਈਆਂ। ਮ੍ਰਿਤਕਾਂ ਦੀ ਪਛਾਣ ਗਣਪਤੀ ਚੱਕਰਵਰਤੀ (65), ਰੰਗਪੁਰ ਜ਼ਿਲ੍ਹਾ ਸਕੂਲ ਦੇ ਸੇਵਾਮੁਕਤ ਅਧਿਆਪਕ, ਉਨ੍ਹਾਂ ਦੀ ਪਤਨੀ ਪ੍ਰੀਤੀਲਤਾ ਚੱਕਰਵਰਤੀ (50), ਉਨ੍ਹਾਂ ਦੀ ਧੀ ਅਗਮੀ ਚੱਕਰਵਰਤੀ ਪ੍ਰਥੀ (23) ਅਤੇ ਉਨ੍ਹਾਂ ਦੇ ਪੁੱਤਰ ਪ੍ਰਿਯਮ ਚੱਕਰਵਰਤੀ (12) ਵਜੋਂ ਹੋਈ ਹੈ। ਸਥਾਨਕ ਨਿਵਾਸੀਆਂ ਦੇ ਅਨੁਸਾਰ, ਗਣਪਤੀ ਪਿਛਲੇ ਸਾਲ 31 ਦਸੰਬਰ ਨੂੰ ਰੰਗਪੁਰ ਜ਼ਿਲ੍ਹਾ ਸਕੂਲ ਤੋਂ ਸੇਵਾਮੁਕਤ ਹੋਏ ਸਨ। ਉਨ੍ਹਾਂ ਦੀ ਧੀ ਅਗਮੀ ਨੇ ਇਸ ਸਾਲ ਅੰਗਰੇਜ਼ੀ ਵਿੱਚ ਆਪਣੀ ਮਾਸਟਰ ਡਿਗਰੀ ਪੂਰੀ ਕੀਤੀ, ਜਦੋਂ ਕਿ ਉਨ੍ਹਾਂ ਦਾ ਪੁੱਤਰ ਪ੍ਰਿਯਮ 5ਵੀਂ ਜਮਾਤ ਦਾ ਵਿਦਿਆਰਥੀ ਸੀ। ਰਿਸ਼ਤੇਦਾਰਾਂ ਨੇ ਕਿਹਾ ਕਿ ਸੰਪਰਕ ਟੁੱਟਣ ਤੋਂ ਬਾਅਦ ਉਨ੍ਹਾਂ ਦਾ ਪਰਿਵਾਰ ਹੋਰ ਵੀ ਚਿੰਤਤ ਹੋ ਗਿਆ। ਪ੍ਰੀਤੀਲਤਾ ਦੀ ਛੋਟੀ ਭੈਣ ਪੂਜਾ ਚੱਕਰਵਰਤੀ ਨੇ ਕਿਹਾ ਕਿ ਉਸ ਨੇ ਆਖਰੀ ਵਾਰ ਆਪਣੀ ਭੈਣ ਨਾਲ ਵੀਰਵਾਰ ਦੁਪਹਿਰ ਨੂੰ ਗੱਲ ਕੀਤੀ ਸੀ। ਦੱਸਿਆ ਜਾ ਰਿਹਾ ਹੈ ਕਿ ਪਰਿਵਾਰ ਦੇ ਸਾਰੇ ਮੈਂਬਰਾਂ ਦੇ • ਬਾਕੀ ਸਫ਼ਾ 2 ’ਤੇ

## ਜਲੰਧਰ ’ਚ ਦੇਸ਼ ਦੀ ਪਹਿਲੀ ਬਾਜ ਡਰੋਨ ਬਟਾਲੀਅਨ ਤਾਇਨਾਤ

ਜ਼ਿਕਰ ਪੰਜਾਬ


**ਜਲੰਧਰ** : ਜਲੰਧਰ ਕੈਂਟੋਨਮੈਂਟ ‘ਚ ਆਰਮੀ ਦੀ 11ਵੀਂ ਵਜ਼ਰ ਕੋਰ ਨੇ ਦੇਸ਼ ਦੀ ਪਹਿਲੀ ਬਾਜ ਡਰੋਨ ਬਟਾਲੀਅਨ ਦੀ ਤਾਇਨਾਤੀ ਕੀਤੀ ਹੈ। ਪੰਜਾਬ ਵਰਗੇ ਸਰਹੱਦੀ ਸੂਬੇ ‘ਚ ਤਾਇਨਾਤ ਇਹ ਪਹਿਲੀ ਡਰੋਨ ਯੂਨਿਟ ਹੈ। ਪੰਜਾਬ ਦੇ ਪਾਕਿਸਤਾਨ ਨਾਲ ਲੱਗਦੇ 500 ਕਿਲੋਮੀਟਰ ਤੋਂ ਵੱਧ ਬਾਰਡਰ ‘ਤੇ ਡਰੋਨ ਯੂਨਿਟ ਦੂਰ ਤੱਕ ਨਿਗਰਾਨੀ ਰੱਖ ਸਕੇਗੀ। ਇਸ ਤੋਂ ਇਲਾਵਾ ਸਮਾਨ ਦੀ ਸਪਲਾਈ ਤੇ ਲੋੜ ਪੈਣ ‘ਤੇ ਦੁਸ਼ਮਣ ਦੀ ਏਅਰ ਸਟ੍ਰਾਈਕ ਨੂੰ ਰੋਕਣ ਦੀ ਸਮਰੱਥਾ ਰੱਖਦੀ ਹੈ। ਨਵੀਂ ਬਟਾਲੀਅਨ ਦੀ ਤਾਇਨਾਤੀ ਨੂੰ ਲੈ ਕੇ ਆਰਮੀ ਨੇ ਐਕਸ ਪੋਸਟ ਕਰਕੇ ਜਾਣਕਾਰੀ ਦਿੱਤੀ ਤੇ ਇਸ ਦੀਆਂ ਤਸਵੀਰਾਂ ਵੀ ਸਾਂਝੀਆਂ ਕੀਤੀਆਂ। ਦੱਸਿਆ ਗਿਆ ਕਿ ਸਵਦੇਸ਼ੀ ਭਾਰਤ ‘ਚ ਹੀ ਬਣੇ ਘਾਤਕ ਡਰੋਨ ਦੇ ਨਾਲ-ਨਾਲ ਅਮਰੀਕੀ ਤੇ ਇਜ਼ਰਾਇਲੀ ਤਕਨੀਕ ਵਾਲੇ ਹੇਰੋਨ ਤੇ ਹੇਰਮਿਸ ਵਰਗੇ ਅਤਿ-ਆਧੁਨਿਕ ਡਰੋਨ ਵੀ ਇਸ ‘ਚ ਸ਼ਾਮਲ ਕੀਤੇ ਗਏ ਹਨ। ਯੂਨਿਟ ‘ਚ ਟੈਕਨੀਕਲ ਸੈਨਿਕ ਮਾਹਿਰਾਂ ਦੀ ਟੀਮ ਤਾਇਨਾਤ ਕੀਤੀ ਗਈ ਹੈ, ਜੋ • ਬਾਕੀ ਸਫ਼ਾ 2 ’ਤੇ



ਸੰਪਾਦਕੀ

# ਮੌਨਸੂਨ ਇਜਲਾਸ ਦਾ ਅਧੂਰਾ ਅੰਤ ਤੇ ਲੋਕਤੰਤਰ ਦੇ ਸਵਾਲ

ਸੰਸਦ ਦਾ ਮੌਨਸੂਨ ਇਜਲਾਸ ਬਿਨਾਂ ਕਿਸੇ ਸਿੱਟੇ ਦੇ ਖ਼ਤਮ ਹੋ ਗਿਆ। ਸਰਕਾਰ ਨੇ ਇਸ ਨੂੰ ਅਣਮਿਥੇ ਸਮੇਂ ਲਈ ਮੁਲਤਵੀ ਕਰ ਦਿੱਤਾ, ਪਰ ਇਸ ਦੀ ਰਸਮੀ ਸਮਾਪਤੀ ਨਹੀਂ ਕੀਤੀ। ਸੰਸਦੀ ਕਾਰਵਾਈ ਵਿੱਚ ਇਹ ਦੋਵੇਂ ਗੱਲਾਂ ਵੱਖਰੀਆਂ ਹਨ ਅਤੇ ਇਹੀ ਫਰਕ ਅੱਜ ਦੇਸ਼ ਦੀ ਸਿਆਸਤ ਵਿੱਚ ਚਰਚਾ ਦਾ ਵੱਡਾ ਕਾਰਨ ਬਣਿਆ ਹੋਇਆ ਹੈ। ਆਮ ਤੌਰ 'ਤੇ ਇਜਲਾਸ ਦੀ ਸਮਾਪਤੀ ਰਾਸ਼ਟਰਪਤੀ ਵੱਲੋਂ ਕੀਤੀ ਜਾਂਦੀ ਹੈ, ਪਰ ਮੁਲਤਵੀ ਦਾ ਫੈਸਲਾ ਸਪੀਕਰ ਕਰਦਾ ਹੈ। ਜਦੋਂ ਇਜਲਾਸ ਸਿਰਫ ਮੁਲਤਵੀ ਹੁੰਦਾ ਹੈ ਤਾਂ ਉਹ ਤਕਨੀਕੀ ਤੌਰ 'ਤੇ ਜਾਰੀ ਮੰਨਿਆ ਜਾਂਦਾ ਹੈ। ਇਸ ਦਾ ਮਤਲਬ ਹੈ ਕਿ ਸਰਕਾਰ ਸਿਰਫ 15 ਦਿਨਾਂ ਦਾ ਨੋਟਿਸ ਦੇ ਕੇ ਦੁਬਾਰਾ ਇਜਲਾਸ ਬੁਲਾ ਸਕਦੀ ਹੈ। ਜੇ ਇਜਲਾਸ ਖ਼ਤਮ ਹੋ ਜਾਵੇ ਤਾਂ ਨਵਾਂ ਸੈਸ਼ਨ ਬੁਲਾਉਣ ਲਈ ਪੂਰੀ ਸੰਵਿਧਾਨਕ ਪ੍ਰਕਿਰਿਆ ਦੁਹਰਾਉਣੀ ਪੈਂਦੀ ਹੈ। ਇਸ ਲਈ ਵਿਰੋਧੀ ਧਿਰਾਂ ਦਾ ਸਵਾਲ ਵਾਜਬ ਹੈ ਕਿ ਸਰਕਾਰ ਕਿਹੜੀ ਕਾਹਲੀ ਵਿੱਚ ਹੈ? ਇਸ ਦੇ ਪਿੱਛੇ ਸਭ ਤੋਂ ਵੱਡੀ ਚਰਚਾ ਮਹਿਲਾ ਰਾਖਵੇਂਕਰਨ ਦੇ ਵਿਸ਼ੇਸ਼ ਬਿੱਲ ਨੂੰ ਲੈ ਕੇ ਹੈ। ਦੇਸ਼ ਵਿੱਚ ਮਹਿਲਾ ਰਾਖਵੇਂਕਰਨ ਦਾ ਮੁੱਦਾ ਪਿਛਲੇ 27 ਸਾਲਾਂ ਤੋਂ ਲਟਕ ਰਿਹਾ ਹੈ। 2023 ਵਿੱਚ ਨਾਰੀ ਸ਼ਕਤੀ ਵੰਦਨ ਬਿਲ ਪਾਸ ਤਾਂ ਹੋ ਗਿਆ, ਪਰ ਉਸ ਵਿੱਚ ਜਨਗਣਨਾ ਅਤੇ ਹਲਕਾਬੰਦੀ ਦੀ ਸ਼ਰਤ ਲਾ ਦਿੱਤੀ ਗਈ, ਜਿਸ ਕਾਰਨ ਇਹ 2029 ਤੋਂ ਪਹਿਲਾਂ ਲਾਗੂ ਹੋਣਾ ਸੰਭਵ ਨਹੀਂ। ਹੁਣ ਖਬਰਾਂ ਹਨ ਕਿ ਸਰਕਾਰ ਉਸ ਸ਼ਰਤ ਨੂੰ ਹਟਾ ਕੇ ਤੁਰੰਤ ਲਾਗੂ ਕਰਨ ਲਈ ਨਵਾਂ ਬਿੱਲ ਲਿਆਉਣਾ ਚਾਹੁੰਦੀ ਹੈ, ਜੇ ਅਜਿਹਾ ਹੁੰਦਾ ਹੈ ਤਾਂ ਇਹ ਇੱਕ ਇਤਿਹਾਸਕ ਫੈਸਲਾ ਹੋਵੇਗਾ ਪਰ ਤਰੀਕਾ ਗਲਤ ਹੈ। ਲੋਕਤੰਤਰ ਵਿੱਚ ਪਾਰਦਰਸ਼ਤਾ ਸਭ ਤੋਂ ਜ਼ਰੂਰੀ ਹੈ। ਇੱਕ ਪਾਸੇ ਸਰਕਾਰ ਕਹਿ ਰਹੀ ਹੈ ਕਿ ਅਜੇ ਕਈ ਬਿੱਲ ਵਿਚਾਰ ਅਧੀਨ ਹਨ, ਦੂਜੇ ਪਾਸੇ ਸੰਸਦ ਵਿੱਚ ਕੰਮਕਾਜ ਠੱਪ ਪਿਆ ਸੀ। ਵਿਰੋਧੀ ਧਿਰ ਦਾ ਦੋਸ਼ ਹੈ ਕਿ ਸਰਕਾਰ ਵਿਸ਼ੇਸ਼ ਸੈਸ਼ਨ ਬੁਲਾ ਕੇ ਬਿਨਾਂ ਪੂਰੀ ਚਰਚਾ ਤੋਂ ਵੱਡਾ ਫੈਸਲਾ ਲੈਣਾ ਚਾਹੁੰਦੀ ਹੈ। ਮਹਿਲਾ ਰਾਖਵੇਂਕਰਨ ਦੇਸ਼ ਦੀ ਅੱਧੀ ਆਬਾਦੀ ਦਾ ਹੱਕ ਹੈ, ਇਸ ਨੂੰ ਸਿਆਸੀ ਚਾਲ ਨਹੀਂ ਬਣਾਉਣਾ ਚਾਹੀਦਾ। ਜੇ ਸਰਕਾਰ ਸੱਚਮੁੱਚ ਗੰਭੀਰ ਹੈ ਤਾਂ ਉਸ ਨੂੰ ਸਾਰੀਆਂ ਪਾਰਟੀਆਂ ਨੂੰ ਵਿਸ਼ਵਾਸ ਵਿੱਚ ਲੈ ਕੇ, ਸਰਬਸੰਮਤੀ ਨਾਲ ਇਹ ਬਿੱਲ ਪਾਸ ਕਰਵਾਉਣਾ ਚਾਹੀਦਾ ਹੈ। ਇਜਲਾਸ ਨੂੰ ਅਣਮਿਥੇ ਸਮੇਂ ਲਈ ਲਟਕਾਈ ਰੱਖਣ ਦੀ ਬਜਾਏ ਸਰਕਾਰ ਨੂੰ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ। ਲੋਕਤੰਤਰ ਵਿੱਚ ਸ਼ੱਕ ਦੀ ਕੋਈ ਥਾਂ ਨਹੀਂ ਹੋਣੀ ਚਾਹੀਦੀ।



**- ਅਸ਼ਵਨੀ ਜੇਤਲੀ**

# ਜਨਰੇਸ਼ਨ-ਜੀ ਜ਼ਿੰਮੇਵਾਰ, ਜਾਣਕਾਰ ਅਤੇ ਜਾਨਦਾਰ ਜਵਾਨ ਹਨ

ਜ਼ਿਕਰ ਪੰਜਾਬ

ਭਾਰਤ ਸਰਕਾਰ ਦਾ ਇਹ ਮੌਨਸੂਨ ਸੈਸ਼ਨ ਤਾਂ ਲਾਂਨਸ਼ਨਬਾਜੀ, ਨਾਅਰੇਬਾਜੀ ਅਤੇ ਲਾਪਤਾ ਮੰਤਰੀਆਂ ਦੀ ਭੇਟ ਚੜ ਗਿਆ ਅਤੇ ਲੋਕਰਾਜ ਵਿਚ ਲੋਕਾਂ ਦੇ ਪੈਸਿਆਂ ਨਾਲ ਚਲਣ ਵਾਲਾ ਕਰੋੜਾਂ ਦਾ ਸੈਸ਼ਨ ਖੂਹ-ਖਾਤੇ ਪੈ ਗਿਆ। ਭਾਰਤੀ ਸੰਸਦ ਦੇ ਇਤਿਹਾਸ ਵਿਚ ਸ਼ਾਇਦ ਪਹਿਲੀਵਾਰ ਹੋਇਆ ਕਿ 25 ਦਿਨਾਂ ਦੇ ਸੈਸ਼ਨ ਵਿਚ ਦੇਸ਼ ਦਾ ਗ੍ਰਿਹ-ਮੰਤਰੀ ਅਤੇ ਪ੍ਰਧਾਨਮੰਤਰੀ ਦੋਵੇਂ ਨਾ ਜਾਣ,ਪਰ ਲਗਾਤਾਰ ਸੰਸਦਭਵਨ ਵਿਚ ਤਾਂ ਆਉਣ ਪਰ ਸੈਸ਼ਨ ਵਿਚ ਹਾਜ਼ਰੀ ਹੀ ਨਾ ਦੇਣ ਅਤੇ ਸਮਾਂ ਗਵਾਅ ਕੇ ਘਰ ਚਲੇ ਜਾਣ।ਠੀਕ ਉਸੇ ਤਰਾਂ ਲਗਦਾ ਜਿਵੇਂ ਕੋਈ ਨਾਲਾਇਕ,ਕਾਮਚੋਰ ਅਤੇ ਵਿਗੜਿਆ ਵਿਦਿਆਰਥੀ ਘਰੋਂ ਤਿਆਰ-ਬਿਆਰ ਹੋ ਕੇ ਸਕੂਲ ਜਾਂ ਕਾਲਜ ਵਿਚ ਤਾਂ ਜਾਵੇ ਪਰ ਕੋਈ ਪੀਰਿਅਡ ਨਾ ਲਗਾਵੇ ,ਸਿਰਫ ਕੰਟੀਨ ਨੂੰ ਭਾਗ ਲਗਾਵੇ, ਮਾਂ-ਪਿਓ ਦਾ ਪੈਸਾ ਉਡਾਵੇ ਅਤੇ ਉਲਟਾ ਕਾਲਜ ਨੂੰ ਅਤੇ ਮਾਂ-ਪਿਓ ਨੂੰ ਹੀ ਅੱਖਾਂ ਵੀ ਵਿਖਾਵੇ।ਅਸਲ 'ਚ ਜੰਤਰ-ਮੰਤਰ ਦੇ ਕੋਕਰੋਚ ਜਨਤਾ ਪਾਰਟੀ ਜੋ ਅਜੇ ਸ਼ਾਇਦ ਸਹੀ ਤਰਾਂ ਰਜਿਸਟਰਡ ਵੀ ਨਹੀ ਹੈ ਉਸਦੇ ਨਾਲ ਲੋਕਾਂ ਨੇ ਇਕਮੁੱਠ ਹੋ ਕੇ 21ਜੁਲਾਈ ਦੇ ਸੰਸਦ ਮਾਰਚ ਵਾਲੇ ਅੰਦੋਲਨ ਨੇ ਸਰਕਾਰ ਨੂੰ ਹਿਲਾ ਕੇ ਰੱਖ ਦਿੱਤਾ।ਪਿਛਲੇ ਕੁੱਝ ਮਹੀਨਿਆਂ ਤੋਂ ਚਲ ਰਹੇ ਇਸ ਰੋਸ ਧਰਨੇ ਵਿਚ ਉਸਦੀ ਹਮਾਇਤ ਲਈ ਆਮ ਲੋਕਾਂ ਦਾ ਆਉਣਾ, ਖਾਸ ਕਰ ਨਵੀਂ ਪੀੜੀ ਦੇ ਜਵਾਨਾਂ ਦਾ ਆਪ ਮੁਹਾਰੇ ਜੁੜਨਾ ਅਤੇ ਸਮਾਜਸੇਵੀ ਸੋਨਮ ਵਾਂਗਚੁੱਕ ਵਾਲੀ ਅਣਕਿਆਸੀ ਘਟਨਾ ਦੇ ਬਾਵਜੂਦ ਵੀ ਜਨਰੇਸ਼ਨ-ਜੀ ਦੇ ਹੋਸ਼ , ਜੋਸ਼ ਅਤੇ ਸਬਰ ਨੇ ਗ੍ਰਿਹ-ਮੰਤਰੀ ਅਮਿਤ ਸ਼ਾਹ ਸਾਹਿਬ, ਪ੍ਰਧਾਨਮੰਤਰੀ ਨਰਿੰਦਰ ਮੋਦੀ ਜੀ ਅਤੇ ਬੀਜੇਪੀ ਆਦਿ ਦੇ ਹੋਸ਼ ਅਤੇ ਜੋਸ਼ ਨੂੰ ਪਸਤ ਕਰ ਦਿੱਤਾ।

ਇਸ ਵਿਚ ਕੋਈ ਸ਼ਕ ਨਹੀ ਕਿ ਇਹ ਸ਼ਭ ਕੁੱਝ ਜਨਰੇਸ਼ਨ-ਜੀ ਨੇ ਸਿੱਖਿਆ 'ਚ ਸੁਧਾਰ ਲਈ, ਨੀਟ ਪੇਪਰ ਲੀਕ ਅਤੇ ਹੋਰ ਪ੍ਰੀਖਿਆਵਾਂ ਦੇ ਲੀਕ ਹੋਣ ਦੇ ਮੁੱਦੇ ਦੇ ਵਿਰੋਧ ਵਿਚ ਕੇਂਦਰੀ ਸਿੱਖਿਆ-ਮੰਤਰੀ ਜਿਤੇਂਦਰਪ੍ਰਧਾਨ ਦੇ ਅਸਤੀਫੇ ਅਤੇ ਸਿਸਟਮ ਦੀ ਨਾਕਾਮੀ ਕਾਰਨ ਆਪਣੀਆਂ ਜਾਨਾਂ ਗੁਆ ਚੁੱਕੇ ਵਿਦਿਆਰਥੀਆਂ ਨੂੰ ਕੰਪਨਸ਼ੇਟ ਕਰਵਾਉਣ ਆਦਿ ਦੇ ਮੰਤਵ ਨਾਲ ਜੰਤਰ-ਮੰਤਰ ਨੂੰ ਸੜਕ-ਸੰਸਦ ਬਣਾਇਆ ਅਤੇ ਦੇਸ਼ ਨੂੰ ਇਕ ਉਸਾਰੂ ਬਹਿਸ ਵੱਲ ਮੋੜਿਆ।ਅੱਜ ਭਾਰਤ ਦੇ ਹਰ ਰਾਜਨੀਤਿਕ, ਸਮਾਜਿਕ,ਆਰਥਿਕ ਅਤੇ ਸਿੱਖਿਅਕ ਸੰਸਥਾਵਾਂ ਦੇ ਪਿੜਾਂ(ਗਲਿਆਰਿਆਂ) ਵਿਚ ਸ਼ੋਸ਼ਲ ਮੀਡੀਆ ਦੀ ਉੱਤਪਤੀ ਕੌਕਰੋਚ ਜਨਤਾ ਪਾਰਟੀ ਦੇ ਪਲੇਟਫਾਰਮ ਤੋਂ ਲੜੇ ਗਏ ਜਾਂ ਲੜੇ ਜਾ ਰਹੇ ਅੰਦੋਲਨ ਦੀਆਂ ਚਰਚਾਵਾਂ ਹਨ।ਮਹਿਸੂਸ ਕੀਤਾ ਜਾ ਰਿਹਾ ਹੈ ਕਿ 2020 ਦੇ ਤਿੰਨ ਖੇਤੀ ਕਾਨੂੰਨਾ ਖਿਲਾਫ ਕਿਸਾਨੀ ਅੰਦੋਲਨ ਦੀ ਲਹਿਰ ਉਸਾਰੀ ਵਾਂਗ ਹੀ ਨੌਜਵਾਨਾਂ ਨੇ ਹਰ ਸਮੇਂ ਜਬਰ ਖਿਲਾਫ ਸਬਰ ਦਿਖਾਇਆ ਹੈ, ਨਫਰਤ ਦੀ ਥਾਂ ਮੁਹੱਬਤ ਦੀ ਦੁਕਾਨ ਖੋਲ ਕੇ ਰੱਖੀ ਹੈ ,ਅਨੇਕਤਾ ਵਿਚ ਏਕਤਾ ਅਖਾੜਾ ਜੰਮਾ ਜੇ ਰੱਖਿਆ ਅਤੇ ਜਾਗਰੂਕਤਾ ਦੀ ਮਸ਼ਾਲ ਬਾਲ ਕੇ ਰੱਖੀ ਹੈ।ਇਕ ਵਾਰੀ ਫਿਰ ਹਿੰਦੂ-ਮੁਸਲਿਮ-ਸਿੱਖ-ਇਸਾਈ ਏਕਤਾ ਅਤੇ ਭਾਈਚਾਰੇ ਨੇ ਹਿੰਦੂ-ਮੁਸਲਿਮ ਕਰਕੇ ਫੁੱਟ ਪਾਉ ਵੱਟਸਅਪ ਯੁਨੀਵਰਸੀਟੀਆਂ ਦੇ ਗੇਟ ਬੰਦ ਕਰ ਦਿੱਤੇ ਅਤੇ ਗੋਦੀ ਮੀਡੀਆ ਦੀਆਂ ਇਕ ਪਾਸੜ ਵਾਲੀਆਂ ਖਿੜਕੀਆਂ ਖੜ-ਖੜ ਖੜਕਦੀਆਂ ਰਹੀਆਂ।ਲਗਾਤਾਰ ਵੋਟਾਂ ਪਾ ਕੇ ਬੀਜੇਪੀ ਨੂੰ ਜਿਤਾਉਣ ਵਾਲਾ ਵੱਡਾ ਵੋਟ ਬੈਂਕ ਆਪ ਮੁਹਾਰਾ ਜੰਤਰ-ਮੰਤਰ 'ਤੇ ਪਹੁੰਚ ਗਿਆ ਇਸ ਤਰਾਂ ਸਮਾਜ ਦਾ ਹਰ ਵਰਗ ਉਸਦਾ ਹਿੱਸਾ ਬਣਦਾ ਗਿਆ।ਕੌਕਰੋਚਾਂ 12 ਸਾਲ ਦੀ ਪਾੜੋ ਅਤੇ ਰਾਜ ਕਰੋ ਦੀ ਸੌੜੀ ਰਾਜਨੀਤੀ ਦਾ ਗੁਬਾਰਾ ਠੁਸ ਕਰ ਦਿੱਤਾ। ਮਨੋਵਿਗਿਆਨ ਦੇ ਵਿਦਵਾਨ ਦਸਦੇ ਹਨ ਕਿ ਜੋ ਬੰਦੇ ਦੇ ਦਿਮਾਗ 'ਚ ਲਗਾਤਾਰ ਚਲ ਰਿਹਾ ਹੁੰਦਾ ਹੈ ਉਹ ਹੀ ਉਸਦੀ ਜੁਬਾਨ 'ਤੇ ਉਹ ਹੀ ਸ਼ਬਦ ਬਣ ਨਿਕਲਦੇ ਹਨ ।ਹੁਣ ਭਾਵੇਂ ਮਾਨਯੋਗ ਚੀਫ ਜਸਟਿਸ ਸ਼ਾਹਿਬ ਸਫਾਈਆਂ ਦਿੰਦੇ ਕਹਿੰਦੇ ਹਨ ਕਿ ਕੌਕਰੋਚ ਵਾਲਾ ਮਾਮਲਾ ਅਤੇ ਉਹਨਾਂ ਦੇ ਅੰਨਦੋਲਨ ਨੂੰ ਅੰਡਰਐਸਟੀਮੇਟ ਕਰਨ ਦਾ ਮਾਮਲਾ ਮੇਰਾ ਅਤੇ ਵਿਦਿਆਰਥੀਆਂ ਦੇ ਵਿਚ ਦਾ ਮਾਮਲਾ ਹੈ੩੩ਪਰ ਅਸਲ 'ਚ ਜੰਤਰ-ਮੰਤਰ 'ਤੇ ਹੋਏ ਤਸ਼ਦਦ ਦੀ ਗੰਭੀਰਤਾ ਨੂੰ ਨਾ ਸਮਝ ਕੇ ਸਮਾਂ ਨਾ ਹੋਣ ਦੀ ਬੇਸਮਝੀ ਦਾ ਮਾਮਲਾ ਹੈ, ਨਜ਼ਰਅੰਦਾਜ਼ੀ ਅਤੇ ਨਜ਼ਰਫੇਰੀ ਦਾ ਮਾਮਲਾ ਹੈ।ਨਾਲਦਾ ਲਾਅ ਯੂਨੀਵਰਸੀਟੀ ਦੇ 400 ਤੋਂ ਵੱਧ ਵਿਦਿਆਰਥੀਆਂ ਦਾ ਚਿੱਠੀ ਲਿਖ ਕੇ ਮਾਨਯੋਗ ਚੀਫ ਜਸਟਿਸ ਸਾਹਿਬ ਤੋਂ ਡਿਗਰੀ ਨਾ ਲੈਣਾ ਅਸਲ ਕਾਰਣ ਨੌਜਵਾਨਾਂ ਨੂੰ ਕੌਕਰੋਚ ਕਹਿਣ ਅਤੇ ਨਜੌਵਾਨਾਂ ਲਈ ਸਮਾਂ ਨਾ ਹੋਣ ਦਾ ਮਾਮਲ ਹੈ। ਇਹ ਇਕ ਸ਼ੁਰੂਵਾਤ ਹੈ ਉਹਨਾ ਨੇਤਾਵਾਂ, ਮੰਤਰੀਆਂ ਅਤੇ ਅਫਸਰਾਂ ਦੇ ਖਿਲਾਫ ਜੋ ਨੌਜਵਾਨਾਂ ਨੂੰ ਗੈਰਜਿੰਮੇਦਾਰ, ਭਟਕੇ ਅਤੇ ਸਿਰਫਿਰੇ ਸਮਝਦੇ ਹਨ।ਅੰਦੋਲਨਕਾਰੀਆਂ ਦੀ ਇਸ ਜਨਰੇਸ਼ਨ-ਜੀ ਨੂੰ ਗੱਟਰ ਜਨਰੇਸ਼ਨ,ਕੀੜੇ-ਮਕੌੜੇ, ਅੰਦੋਲਨਜੀਵੀ ਅਤੇ ਅਰਬਨ ਨਕਸਲ ਜਾਂ ਹੁਣ ਦਿਮਾਗੀ ਨਕਸਲ ਸਮਝਦੇ ਹਨ।ਇਕ ਯੂ-ਟਿਊਬ ਵਿਸ਼ਲੇਸ਼ਕ ਦਾ ਕਹਿਣਾ ਹੈ ਕਿ ਉਹਨਾਂ ਦੇ ਨਜ਼ਰੀਏ ਵਿਚ ਜੇ ਸੱਤਾ ਨੂੰ ਸਵਾਲ ਕਰਨ ਵਾਲੇ ਦਿਮਾਗੀ ਨਕਸਲ ਹਨ ਇਸਦਾ ਅਰਥ ਹੈ ਕਿ ਲੋਕਾਂ ਨੂੰ ਮਾਰਨ-ਕੁੱਟਣ ਅਤੇ ਦਮਨ ਕਰਨ ਵਾਲੇ ਦਿਮਾਗੀ ਦੰਗਈਆਂ ਨਾਲੋਂ ਘੱਟ ਨਹੀ ।

ਕਮਾਲ ਦੀ ਗੱਲ ਇਹ ਹੈ ਜੰਤਰ-ਮੰਤਰ ਦੇ ਪ੍ਰੋਟੈਸਟ 'ਚ ਲਾਠੀਚਾਰਜ ਕਰਦਿਆਂ ਇਕ ਪੁਲਿਸ ਮਹਿਲਾ ਨੌਜਵਾਨਾਂ ਨੂੰ ਲਾਠੀਆਂ ਬਰਸਾ ਰਹੀ ਹੈ ਬਰਸਾਉਂਦੀ ਬਰਸਾਉਂਦੀ ਉਹ ਡਿਗ ਪੈਂਦੀ ਹੈ ਤਾਂ ਅੰਦੋਲਨਕਾਰੀ ਬੱਚੀ ਉਸਨੂੰ ਉਠਾਉਂਦੀ ਹੈ।ਇਹ ਪੁਲਿਸ ਵਾਲਿਆਂ ਨੂੰ ਪਾਣੀ ਪਿਲਾਉਂਦੇ ਰਹੇ।ਜਦੋਂ ਕਿ ਉਹਨਾਂ ਮਾਰ-ਮਾਰ ਕੇ ਇਹਨਾਂ ਦਾ ਤੇਲ ਕੱਢ ਦਿੱਤਾ। ਬਰਬਰਤਾ ਦੀ ਹੱਦ ਉਸ ਵੇਲੇ ਪਾਰ ਹੋ ਗਈ ਜਦੋਂ ਮਰਦਾਨਾ ਪੁਲਿਸ ਵੱਲੋਂ ਮਹਿਲਾਵਾਂ ਨੂੰ ਬੁਰੀ ਤਰਾਂ ਮਾਰਿਆ ਗਿਆ ਅਤੇ ਉਹ ਉਹਨਾਂ ਦੇ ਕਪੜੇ ਖਿੱਚਣ ਤਕ ਗਏ।ਕਿੱਲਾਂ ਅਤੇ ਬਿਜਲੀ ਦੇ ਕਰੰਟ ਵਾਲੀਆਂ ਲੱਠਾਂ ਲੋਕਾਂ ਉਤੇ ਬਰਬਰਤਾਪੂਰਨ ਬਰਸਾਈਆਂ ਗਈਆਂ।ਇਕ ਖਾਸ ਤਰਾਂ ਦੀ ਗਨ ਜੋ ਕਾਨੂੰਨਣ ਬੈਨ ਹੈ ਉਸਦੇ ਸਰਰੇ ਕਈ ਲੋਕਾਂ ਨੂੰ ਬੁਰੀ ਤਰਾਂ ਜ਼ਖਮੀ ਕਰ ਗਏ।



ਔਰਤਾਂ ਦੇ ਨਿਜ਼ੀ ਅੰਗਾਂ ਤੱਕ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ ਕੀਤੀ ਗਈ। ਪੂਰੇ ਭਾਰਤ ਵਿਚ ਰੋਸ ਦੀ ਲਹਿਰ ਫੈਲਦੀ ਵੇਖ ਸਰਕਾਰ ਨੂੰ ਕੌਕਰੋਚਾਂ ਅੱਗੇ ਝੁੱਕਣਾ ਪਿਆ।ਅਸਤੀਫਾ ਲੈਣ ਦੇ ਬਾਵਜੂਦ ਅਗਲੇ ਦਿਨ ਸਦਨ ਵਿਚ ਜਿਤੇਂਦਰ ਪ੍ਰਧਾਨ ਦਾ ਸਦਨ ਵਿਚ ਫੁਲਾਂ ਨਾਲ ਸਵਾਗਤ ਕਰਕੇ ਉਸਨੂੰ ਕੁਰਬਾਨੀ ਦੇਣ ਵਾਲਿਆਂ ਵਾਂਗ ਪੇਸ਼ ਕੀਤਾ ਗਿਆ।ਠੀਕ ਉਸੇ ਤਰਾਂ ਜਿਵੇਂ ਬਿਲਕੀਸ ਬਾਨੋ ਦੇ ਹਤਿਆਰਿਆਂ ਨੂੰ 15 ਅਗਸਤ ਦੇ ਮੌਕੇ ਰੀਲੀਜ਼ ਕਰਕੇ ਉਹਨਾਂ ਦਾ ਸਵਾਗਤ ਕੀਤਾ ਗਿਆ ਸੀ।ਜਿਸਦਾ ਦੇਸ਼ 'ਚ ਅੱਜ ਵੀ ਰੋਸ ਹੈ।ਸ਼ਰਤਾਂ ਅਨੁਸਾਰ ਕੇਸ ਵਾਪਸ ਲੈਣਾ ਤਾਂ ਦੂਰ ਉਲਟਾ ਅਭੀਜੀਤ ਦੀਪੀਕੇ ਆਦਿ 'ਤੇ ਈ.ਡੀ ਆਦਿ ਏਜੰਸੀਆਂ ਦੇ ਹਰਾਸਮੈਂਟ ਕਰਨ ਵਾਲੇ ਕੇਂਦਰ ਸਰਕਾਰ ਦੇ ਹਥਿਆਰ ਚਲਣੇ ਸ਼ੁਰੂ ਹਨ।ਪਰ ਸੀ. ਝੇ. ਪੀ. ਅਤੇ ਜਨਰੇਸ਼ਨ-ਜੀ ਨੇ ਆਪਣਾ ਹੌਸਲਾ ,ਫੋਕਸ ਅਤੇ ਸਥਿਰਤਾ ਡਾਵਾਂਡੋਲ ਨਹੀ ਹੋਣ ਦਿੱਤੀ।ਜਿਸਦਾ ਪੂਰੇ ਭਾਰਤ ਵਿਚ ਸੰਦੇਸ਼ ਇਹ ਗਿਆ ਹੈ ਕਿ ਭਾਰਤੀ ਨੌਜਵਾਨ ਪੀੜੀ ਜਿੰਮੇਵਾਰ ਅਤੇ ਜਾਨਦਾਰ ਹੈ।ਉਹਨਾਂ ਨੇ ਸਾਬਿਤ ਕੀਤਾ ਹੈ ਕਿ ਉਹ ਆਪਣੇ ਅਧਿਕਾਰਾਂ ਦੇ ਨਾਲ ਨਾਲ ਆਪਣੀਆਂ ਜਿੰਮੇਵਾਰੀਆਂ ਨੂੰ ਬਾਖੂਬੀ ਸਮਝਦੀ ਹੈ੩੩ ਜਿੰਮੇਵਾਰੀ ਦਾ ਅਰਥ ਸਿਰਫ ਆਪਣੇ ਭਵਿੱਖ ਦੀ ਚਿੰਤਾ ਕਰਨਾ ਨਹੀ , ਸਮਾਜ ਅਤੇ ਆਉਣ ਵਾਲੀਆਂ ਪੀੜੀਆਂ ਪ੍ਰਤੀ ਆਪਣਾ ਫਰਜ਼ ਨਿਭਾਉਣਾਂ ਵੀ ਹੈ।

ਜੋਸ਼ ਅਤੇ ਹੋਸ਼ ਦੇ ਨਾਲ ਨਾਲ ਜਨਰੇਸ਼ਨ-ਜੀ ਦੀ ਸਭ ਤੋਂ ਵੱਡੀ ਤਾਕਤ ਹੈ ਮੌਡਰਨ ਤਕਨੀਕ ਦੀ ਵਧੇਰੇ ਜਾਣਕਾਰੀ ਅਤੇ ਉਸ ਤੱਕ ਆਸਾਨ ਪਹੰਚ ਅਤੇ ਸਮਝ ਵੀ ਹੈ।ਜਾਣਕਾਰੀ ਦੇ ਪੱਖੋਂ ਜਨਰੇਸ਼ਨ-ਜੀ ਨੇ ਗੋਦੀ ਮੀਡੀਆ, ਮੇਨਲਾਈਨ ਮੀਡੀਆ ਅਤੇ ਬੀ ਜੇ ਪੀ ਇਨੰਫੋਰਮੇਸ਼ਨ ਏਜੰਸੀ ਸੈਲਾਂ ਨੂੰ ਵੀ ਪਛਾੜ ਕੇ ਰੱਖ ਦਿੱਤਾ।ਅੱਜ ਦਾ ਨੌਜਵਾਨ ਦੁਨੀਆਂ ਦੇ ਕਿਸੇ ਕੋਨੇ ਵਿਚ ਵਾਪਰ ਰਹੀ ਘਟਨਾ ਬਾਰੇ ਕੁੱਝ ਹੀ ਪਲਾਂ 'ਚ ਡਾਟਾ ਸਹਿਤ ਜਾਣਕਾਰੀ ਇੱਕਠੀ ਕਰ ਸਕਦਾ ਹੈ।ਸਿੱਖਿਆ, ਵਿਗਿਆਨ, ਟੈਕਨਾਲੋਜ਼ੀ, ਵਾਤਾਵਰਣ, ਮਨੁੱਖੀ ਅਧਿਕਾਰਾਂ ਅਤੇ ਸਮਾਜਿਕ ਮਸਲਿਆਂ ਬਾਰੇ ਉਸਨੂੰ ਪਹਿਲਿਆਂ ਨਾਲੋ ਵਧੇਰੇ ਜਾਣਕਾਰੀ ਅਤੇ ਜਾਗਰੂਕਤਾ ਹੈ।ਮੈਨੂੰ ਲਗਦਾ ਇਹ ਜਨਰੇਸ਼ਨ ਜਿੰਦਗੀ ਦੇ ਬਾਕਿ ਖੇਤਰਾਂ ਵਿਚ ਵੀ ਜਿਵੇਂ ਕਲਾ,ਖੇਡਾਂ ਸਿੱਖਿਆ, ਵਿਗਿਆਨ ਅਤੇ ਉਦਯੋਗ ਦੀ ਟੈਕਨਾਲੋਜ਼ੀ ਸਮੇਤ ਹਰ ਖੇਤਰ ਵਿਚ ਅੱਗੇ ਵੱਧਣ ਦੀ ਸਮਰੱਥਾ ਰਖੱਦੀ ਹੈ।



ਵਰਗਿਸ ਸਲਾਮਤ

ਲੋਕਤੰਤਰ ਦੀ ਖੂਬਸੂਰਤੀ ਨੂੰ ਸਮਝਣ ਵਾਲੇ ਲੋਕਾਂ ਨੂੰ , ਭਾਰਤੀ ਸੰਵਿਧਾਨ ਦੀ ਰੂਹ ਨੂੰ ਸਮਝਣ ਅਤੇ ਮਹਿਸੂਸ ਕਰਨ ਵਾਲੇ ਵਿਦਵਾਨਾਂ, ਵਿਸ਼ਲੇਸ਼ਕਾਂ ਅਤੇ ਆਪਣੇ ਘਰਾਂ ਤੋਂ ਦੂਰ ਸਰਹੱਦਾਂ 'ਤੇ ਖੜ ਕੇ ਸਾਡੀ ਰਾਖੀ ਕਰਨ ਵਾਲੇ ਜਵਾਨਾਂ ਨੂੰ ਇਕ ਖਾਸ ਤੱਸਲੀ ਇਹ ਹੋਈ ਹੈ ਕਿ ਸਾਡੀ ਇਸ ਖਾਸ ਪੀੜ੍ਹੀ ਦੀ ਅਗਵਾਈ ਨੇ ਆਪਣੇ ਸਮਰਥਨ 'ਚ ਖੜੇ ਵਡੇਰਿਆਂ ਦੀਆਂ ਸਲਾਹਾਂ ਨੂੰ ਸਿਰ ਮੱਥੇ ਰੱਖਿਆ ਅਤੇ ਨੇਪਾਲ ,ਸ਼੍ਰੀਲੰਕਾ ਅਤੇ ਹੋਰ ਦੇਸ਼ਾ ਵਾਂਗ ਸੱਤਾ ਦਾ ਕੋਈ ਨੁਕਸਾਨ ਨਹੀ ਕੀਤਾ ਸਗੋਂ ਲੋਕਤੰਤਰੀ ਕਦਰਾਂ ਕੀਮਤਾਂ ਨੂੰ ਜਿਵੰਤ ਰੱਖਿਆ।ਹਾਲਾਂਕਿ ਸਟੇਟ ਟੈਰਰ ਦਾ ਦਬਾਵ ਲੀਡਰਸ਼ਿਪ ਨੂੰ ਤੋੜਨ-ਮਰੋੜਨ ਦੇ ਡਰਾਉਣ,ਦਬਕਾਉਣ ਅਤੇ ਭਜਾਉਣ ਵਾਲੇ ਪੈਂਤਰੇ ਵਰਤਦਾ ਰਿਹਾ।ਪਰ ਉਹ ਇਸ ਦਹਸ਼ਤੀ ਹਨੇਰੀ ਵਿਚ ਵੀ ਡੂੰਗੀਆਂ ਜੜਾ ਵਾਲੇ ਮਜਬੂਤ ਰੁੱਖਾਂ ਵਾਂਗ ਖੜੇ ਰਹੇ।

ਦੁਨੀਆਂ ਦੇ ਇਤੀਹਾਸ ਵਿਚ ਜਿੱਥੇ-ਜਿੱਥੇ ਵੀ ਸੱਤਾ ਅਤੇ ਜਨਤਾ ਵਿਚਕਾਰ ਇਸ ਤਰਾਂ ਦੇ ਅੰਦੋਲਨ ਹੋਏ ਹਨ ਉਸ ਵਿਚ ਇਸ ਉਮਰ ਗਰੁਪ ਦੇ ਲੋਕਾਂ ਨੇ ਹੀ ਅਗੇ ਆ ਕੇ ਆਪਣੀਆਂ ਜਾਨਾਂ ਦਿੱਤੀਆਂ ਹਨ।ਭਾਰਤ ਦੀ ਆਜਾਦੀ ਦੇ ਘੋਲ ਵਿਚ ਵੀ ਕਰਤਾਰ ਸਿੰਘ ਸਰਾਭਾ ਅਤੇ ਉਸਦੇ ਸਾਥੀ ,ਭਗਤ ਸਿੰਘ ਅਤੇ ਉਸਦੇ ਸਾਥੀ ਅਤੇ ਉਧਮ ਸਿੰਘ ਆਦਿ ਆਪਣੇ-ਅਪਣੇ ਸਮੇ ਇਸ ਜਨਰੇਸ਼ਨ ਵਾਲੇ ਉਮਰ ਦੇ ਗਰੁਪ ਦੇ ਲੋਕ ਹੀ ਸਨ।ਇਸ ਅੰਦੋਲਨ ਵਿਚ ਵੀ ਅਭੀਜੀਤ ਦੀਪੀਕੇ ,ਸੋਨਮ ਵਾਂਗਚੁੱਕ , ਸੌਰਵ ਦਾਸ, ਆਸ਼ੁਤੋਸ਼ ਰੱਕਾ,ਰਿਆ ਯਾਦਵ,ਮਨੀਸ਼ ਬ੍ਰਹਮਭੱਟ,ਰਾਹੁਲ ਪਾਂਡਿਆ ਅਤੇ ਗਰਾਮ ਕਲਾਕਾਰ ਆਦਿ ਸਾਥੀ ਮਜਬੂਤ ਇਰਾਦੇ,ਵੱਡੇ ਹੌਸਲੇ ਅਤੇ ਅਗਾਂਹਵਧੂ ਪੈੜਾਂ ਪਾਉਣ ਵਾਲੇ ਜਵਾਨ ਕਹੇ ਜਾ ਰਹੇ ਹਨ।

ਸਾਨੂੰ ਛੇਤੀ ਹੀ ਸੱਤਾ ਦੇ ਨਿਜੀ ਹਿੱਤਾਂ ਤੋ ਉਪਰ ਉੱਠ ਕੇ ਸਮਝ ਲੈਣਾ ਚਾਹੀਦਾ ਹੈ ਕਿ ਜਨਰੇਸ਼ਨ-ਜੀ ਦੇ ਹੱਥ ਵਿਚ ਗਿਆਨ ,ਤਕਨਾਲੋਜੀ ਅਤੇ ਨਵੀਆਂ ਸ਼ਭਾਵਨਾਵਾਂ ਦੀ ਬੇਮਿਸਾਲ ਤਾਕਤ ਹੈ।ਜੇ ਜਾਣਕਾਰੀ ਉਸਦੀ ਤਾਕਤ ਹੈ ਤਾਂ ਜਿੰਮੇਵਾਰੀ ਉਸਦੀ ਪਹਿਚਾਨ ਹੈ।ਇਹਨਾਂ ਨੂੰ ਸਿਰਫ ਆਧੁਨਿਕ ਪੀੜੀ ਕਹਿਣਾ ਕਾਫੀ ਨਹੀ ਹੈ ਇਹ ਉਹ ਹਨ ਜੋ ਜਾਣਦੇ ਵੀ ਹਨ,ਸੋਚਦੇ ਵੀ ਹਨ ,ਸਵਾਲ ਵੀ ਕਰਦੇ ਹਨ ਅਤੇ ਕੁੱਝ ਨਵਾਂ ਕਰਨ ਦਾ ਜਜ਼ਬਾ ਵੀ ਰੱਖਦੇ ਹਨ। ਸਮੇਂ ਦੀਆਂ ਸਰਕਾਰਾਂ ਨੂੰ ਇਹਨਾਂ ਨਾਲ ਟਕਰਾਉਣ ਦੀ ਨਹੀ ਬਲਕਿ ਇਹਨਾਂ ਨੂੰ ਸਹੀ ਜਗ੍ਹਾ ਪਹੁੰਚਾਉਣ ਦੀ ਲੋੜ ਹੈ।

**ਸੰਪਰਕ : 9878261522**

# ਅਨੋਖਾ ਜਵਾਬ

ਜ਼ਿਕਰ ਪੰਜਾਬ

ਕੱਲ੍ਹ ਇੱਕ ਵਿਦਿਆਰਥੀ ਦਾ ਫ਼ੋਨ ਆਇਆ। ਉਸ ਨੇ ਬਹੁਤ ਹੀ ਪ੍ਰੇਸ਼ਾਨੀ ਪਰ ਮਾਸੂਮੀਅਤ ਲਹਿਜ਼ੇ 'ਚ ਪੁੱਛਿਆ, "ਮੈਡਮ ! ਗਰਮੀ ਬਹੁਤ ਹੈ, ਪੜ੍ਹਿਆ ਹੀ ਨਹੀਂ ਜਾਂਦਾ। ਮਨ ਜਲਦੀ ਸਫ਼ਲ ਹੋਣਾ ਤਾਂ ਲੋਚਦੈ ਪਰ ਹਮੇਸ਼ਾ ਭਟਕਦਾ ਰਹਿੰਦਾ ਹੈ। ਗ਼ੁਰਬਤ, ਦੋਸਤਾਂ ਦੇ ਵਿਖਾਵੇਬਾਜੀ ਦੇ ਸੰਦੇਸ਼, ਵਟਸਐਪ, ਇੰਸਟਾਗ੍ਰਾਮ 'ਤੇ ਆਉਣ ਵਾਲੀਆਂ ਤਸਵੀਰਾਂ, ਮਹਿੰਗੇ ਮੋਬਾਇਲ ਫ਼ੋਨ ਅਤੇ ਬੁਲੇਟ ਮੋਟਰਸਾਈਕਲ ਦੇ ਸੁਪਨੇ ਪੜ੍ਹਾਈ ਵਿੱਚ ਧਿਆਨ ਹੀ ਨਹੀਂ ਲੱਗਣ ਦਿੰਦੇ।

ਦੱਸੋ ਮੈਂ ਕੀ ਕਰਾਂ?

ਮੈਂ ਉਸ ਦੀ ਦੁਬਿਧਾ ਨੂੰ ਸਮਝਣ ਲਈ ਕੁਝ ਪਲ ਚੁੱਪ ਰਹੀ ਅਤੇ ਫਿਰ ਉਸ ਨੂੰ ਕਿਹਾ, "ਬੇਟਾ! ਇਹ ਤਾਂ ਮੈਨੂੰ ਨਹੀਂ ਪਤਾ ਕਿ ਤੂੰ ਕਿਵੇਂ ਪੜ੍ਹਦਾ ਹੈਂ ਅਤੇ ਕਿਸ ਤਰੀਕੇ ਨਾਲ ਤੈਨੂੰ ਚੀਜ਼ਾਂ ਜਲਦੀ ਸਮਝ ਆਉਂਦੀਆਂ ਹਨ। ਪਰ ਜੇ ਤੂੰ ਸੱਚਮੁੱਚ ਆਪਣੀ ਜ਼ਿੰਦਗੀ ਵਿੱਚ ਕੁਝ ਵੱਡਾ ਕਰਨਾ ਚਾਹੁੰਦਾ ਹੈਂ, ਤਾਂ ਮੈਂ ਤੈਨੂੰ ਦੋ ਅਜਿਹੀਆਂ ਸ਼ਖ਼ਸੀਅਤਾਂ ਬਾਰੇ ਦੱਸਣਾ ਚਾਹਾਂਗੀ , ਜਿਨ੍ਹਾਂ ਦੀ ਜ਼ਿੰਦਗੀ ਸਾਨੂੰ ਇਹ ਸਿਖਾਉਂਦੀ ਹੈ ਕਿ ਸਫ਼ਲਤਾ ਸਹੂਲਤਾਂ ਨਾਲ ਨਹੀਂ, ਸਗੋਂ ਦ੍ਰਿੜ ਇਰਾਦਿਆਂ ਨਾਲ ਮਿਲਦੀ ਹੈ। ਪਹਿਲੀ ਸ਼ਖ਼ਸੀਅਤ ਹਨ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ। ਉਨ੍ਹਾਂ ਦਾ ਜਨਮ ਅੱਜ ਤੋਂ ਲਗਭਗ 135 ਸਾਲ ਪਹਿਲਾਂ ਅਜਿਹੇ ਸਮਾਜ ਵਿੱਚ ਹੋਇਆ, ਜਿੱਥੇ ਛੂਤਛਾਤ ਆਪਣੇ ਸਿਖਰ 'ਤੇ ਸੀ। ਉਨ੍ਹਾਂ ਨੂੰ ਸਕੂਲ ਵਿੱਚ ਬਰਾਬਰੀ ਦਾ ਦਰਜਾ ਨਹੀਂ ਮਿਲਦਾ ਸੀ। ਪਾਣੀ ਤੱਕ ਪੀਣ ਲਈ ਦੂਜਿਆਂ 'ਤੇ ਨਿਰਭਰ ਰਹਿਣਾ ਪੈਂਦਾ ਸੀ। ਸਮਾਜਿਕ ਅਪਮਾਨ, ਗ਼ਰੀਬੀ ਅਤੇ ਅਣਗਿਣਤ ਰੁਕਾਵਟਾਂ ਦੇ ਬਾਵਜੂਦ ਉਨ੍ਹਾਂ ਨੇ ਕਦੇ ਪੜ੍ਹਾਈ ਨਹੀਂ ਛੱਡੀ। ਇੱਕ ਛੋਟੇ ਜਿਹੇ ਕਮਰੇ ਵਿੱਚ, ਜਿੱਥੇ ਸਮਾਨ ਦੇ ਨਾਲ ਪੂਰਾ ਪਰਿਵਾਰ ਰਹਿੰਦਾ ਸੀ, ਬਿਨਾਂ ਬਿਜਲੀ ਅਤੇ ਆਧੁਨਿਕ ਸਹੂਲਤਾਂ ਦੇ, ਦੀਵੇ ਦੀ ਮੱਧਮ ਰੌਸ਼ਨੀ ਹੇਠ ਘੰਟਿਆਂਬੱਧੀ ਪੜ੍ਹਦੇ ਸਨ । ਉਨ੍ਹਾਂ ਦੀ ਲਗਨ ਅਤੇ ਵਿਦਵਤਾ ਦਾ ਹੀ ਇਹ ਨਤੀਜਾ ਹੈ ਕਿ ਅੱਜ ਪੂਰਾ ਸੰਸਾਰ ਉਨ੍ਹਾਂ ਨੂੰ ਗਿਆਨ ਦੇ ਪ੍ਰਤੀਕ ਵਜੋਂ ਸਤਿਕਾਰਦਾ ਹੈ। ਮੈਂ ਵਿਦਿਆਰਥੀ ਨੂੰ ਪੁੱਛਿਆ, "ਕੀ ਤੇਰੇ ਕੋਲ ਡਾ. ਅੰਬੇਡਕਰ ਵਰਗਾ ਜਜ਼ਬਾ ਹੈ? ਕਰ ਸਕਦੇ ਹੋ ਉਹਨਾਂ ਵਾਂਗ ਮਿਹਨਤ। ਫਿਰ ਮੈਂ ਦੂਜੀ ਸ਼ਖ਼ਸੀਅਤ ਦਾ ਜ਼ਿਕਰ ਕੀਤਾ, ਅਬਰਾਹਮ ਲੰ?ਕਨ। ਉਨ੍ਹਾਂ ਦਾ ਜੀਵਨ ਵੀ ਗ਼ਰੀਬੀ ਵਿੱਚੋਂ ਸ਼ੁਰੂ ਹੋਇਆ। ਦਿਨ ਭਰ ਆਪਣੇ ਪਿਤਾ ਨਾਲ ਖੇਤਾਂ ਵਿੱਚ ਮਿਹਨਤ ਕਰਦੇ ਅਤੇ ਸ਼ਾਮ ਨੂੰ ਜਦੋਂ ਘਰ ਵਿੱਚ ਰੌਸ਼ਨੀ ਦਾ ਕੋਈ ਪ੍ਰਬੰਧ ਨਹੀਂ ਹੁੰਦਾ ਸੀ ਤਾਂ ਗਲੀ ਵਿੱਚ ਲੱਗੇ ਦੀਵਿਆਂ ਹੇਠ ਬੈਠ ਕੇ ਦੇਰ ਰਾਤ ਤੱਕ ਪੜ੍ਹਦੇ ਰਹਿੰਦੇ ਸਨ। ਉਨ੍ਹਾਂ ਕੋਲ ਨਾ ਮਹਿੰਗੀਆਂ ਕਿਤਾਬਾਂ ਸਨ, ਨਾ ਕੋਚਿੰਗ ਸੈਂਟਰ, ਨਾ ਇੰਟਰਨੈੱਟ ਅਤੇ ਨਾ ਹੀ ਏਅਰ ਕੰਡੀਸ਼ਨਰ। ਫਿਰ ਵੀ ਉਨ੍ਹਾਂ ਨੇ ਹਿੰਮਤ ਨਹੀਂ ਹਾਰੀ ਅਤੇ ਆਖ਼ਰਕਾਰ ਅਮਰੀਕਾ ਦੇ ਰਾਸ਼ਟਰਪਤੀ ਬਣੇ। ਮੈਂ ਫਿਰ ਪੁੱਛਿਆ, "ਕੀ ਅਸੀਂ ਉਨ੍ਹਾਂ ਜਿੰਨੀ ਮਿਹਨਤ ਕਰਨ ਲਈ ਤਿਆਰ ਹਾਂ? ਜਾਂ ਸਾਡੀਆਂ ਮੁਸ਼ਕਿਲਾਂ ਸਿਰਫ਼ ਗਰਮੀ, ਮੋਬਾਇਲ ਅਤੇ ਸੋਸ਼ਲ ਮੀਡੀਆ ਤੱਕ ਹੀ ਸੀਮਿਤ ਹਨ? ਅੱਜ ਦੇ ਸਮੇਂ ਵਿੱਚ ਵੀ ਅਜਿਹੀਆਂ ਅਣਗਿਣਤ ਮਿਸਾਲਾਂ ਹਨ। ਹਰ ਸਾਲ ਯੂਪੀਐਸਸੀ, ਨੀਟ, ਜੇਈਈ ਅਤੇ ਹੋਰ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੇ ਨਤੀਜੇ ਸਾਨੂੰ ਇਹ ਦੱਸਦੇ ਹਨ ਕਿ ਸਫ਼ਲਤਾ ਸਿਰਫ਼ ਅਮੀਰਾਂ ਦੀ ਜਾਇਦਾਦ ਨਹੀਂ। ਬਹੁਤ ਸਾਰੇ ਵਿ?ਦਆਰਥੀ ਅਜਿਹੇ ਪਰਿਵਾਰਾਂ ਵਿੱਚੋਂ ਆਉਂਦੇ ਹਨ ਜਿੱਥੇ ਦੋ ਵਕਤ ਦੀ ਰੋਟੀ ਵੀ ਮੁਸ਼ਕਿਲ ਨਾਲ ਮਿਲਦੀ ਹੈ। ਕੋਈ ਪੜ੍ਹਾਈ ਦੇ ਖਰਚੇ ਲਈ ਖੇਤਾਂ ਵਿੱਚ ਮਿਹਨਤ ਕਰਦਾ ਹੈ, ਕੋਈ ਚਾਹ ਦੀ ਦੁਕਾਨ 'ਤੇ ਕੰਮ ਕਰਦਾ ਹੈ, ਕੋਈ ਘਰਾਂ ਵਿੱਚ ਮਜ਼ਦੂਰੀ ਕਰਕੇ ਆਪਣੀ ਪੜ੍ਹਾਈ ਜਾਰੀ ਰੱਖਦਾ ਹੈ। ਪਰ ਉਨ੍ਹਾਂ ਦੀਆਂ ਅੱਖਾਂ ਵਿੱਚ ਇੱਕ ਸੁਪਨਾ ਹੁੰਦਾ ਹੈ ਅਤੇ ਦਿਲ ਵਿੱਚ ਇੱਕ ਅਟੱਲ ਵਿਸ਼ਵਾਸ ਕਿ ਮਿਹਨਤ ਕਦੇ ਵਿਅਰਥ ਨਹੀਂ ਜਾਂਦੀ। ਜਦੋਂ ਉਹ ਆਪਣੀ ਮੰਜ਼ਿਲ ਤੱਕ ਪਹੁੰਚਦੇ ਹਨ ਤਾਂ ਉਹੀ ਸਮਾਜ, ਜੋ ਕਦੇ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਦਾ ਸੀ, ਉਨ੍ਹਾਂ ਦੇ ਸਵਾਗਤ ਲਈ ਪਲਕਾਂ ਵਿਛਾ ਦਿੰਦਾ ਹੈ।

ਅਸਲ ਵਿੱਚ ਸਾਡੀ ਸਭ ਤੋਂ ਵੱਡੀ ਸਮੱਸਿਆ ਸਹੂਲਤਾਂ ਦੀ ਘਾਟ ਨਹੀਂ, ਸਗੋਂ ਧਿਆਨ ਦੀ ਘਾਟ ਹੈ। ਮੋਬਾਇਲ ਫ਼ੋਨ, ਸੋਸ਼ਲ ਮੀਡੀਆ ਅਤੇ ਦਿਖਾਵੇ ਦੀ ਦੌੜ ਨੇ ਸਾਡੇ ਸਮੇਂ ਨੂੰ ਖਾ ਲਿਆ ਹੈ। ਅਸੀਂ ਘੰਟਿਆਂ ਸਕਰੀਨ 'ਤੇ ਬਿਤਾ ਸਕਦੇ ਹਾਂ, ਪਰ ਕੁਝ ਮਿੰਟ ਕਿਤਾਬ ਨਾਲ ਬੈਠਣਾ ਔਖਾ ਲੱਗਦਾ ਹੈ। ਅਸੀਂ ਦੂਜਿਆਂ ਦੀ ਚਮਕਦਾਰ ਜ਼ਿੰਦਗੀ ਦੇਖਦੇ ਹਾਂ, ਪਰ ਉਨ੍ਹਾਂ ਦੀ ਸਾਲਾਂ ਦੀ ਮਿਹਨਤ ਨਹੀਂ ਦੇਖਦੇ। ਹਰ ਸਫ਼ਲ ਵਿਅਕਤੀ ਦੀ ਕਾਮਯਾਬੀ ਦੇ ਪਿੱਛੇ ਅਣਗਿਣਤ ਕੁਰਬਾਨੀਆਂ, ਅਨੁਸ਼ਾਸਨ ਅਤੇ ਲਗਾਤਾਰ ਕੀਤੀ ਮਿਹਨਤ ਲੁਕੀ ਹੁੰਦੀ ਹੈ।

ਮੁਕਦੀ ਗੱਲ ਇਹ ਹੈ ਕਿ ਸਹੂਲਤਾਂ ਦੀ ਅਣਹੋਂਦ ਕਦੇ ਵੀ ਪੜ੍ਹਾਈ ਵਿੱਚ ਰੁਕਾਵਟ ਨਹੀਂ ਬਣ ਸਕਦੀ ਅਤੇ ਨਾ ਹੀ ਬਣਨੀ ਚਾਹੀਦੀ ਹੈ। ਜਿੰਨੇ ਵੀ ਸਾਧਨ ਸਾਡੇ ਕੋਲ ਹਨ, ਉਨ੍ਹਾਂ ਨਾਲ ਹੀ ਆਪਣੀ ਸਮਰੱਥਾ ਦਾ ਪੂਰਾ ਇਸਤੇਮਾਲ ਕਰਨਾ ਚਾਹੀਦਾ ਹੈ। ਜੇ ਡਾ. ਅੰਬੇਡਕਰ ਅਤੇ ਅਬਰਾਹਮ ਲੰ?ਕਨ ਵਰਗੇ ਮਹਾਨ ਵਿਅਕਤੀ ਬਹਾਨੇ ਬਣਾਉਂਦੇ ਰਹਿੰਦੇ, ਤਾਂ ਸ਼ਾਇਦ ਇਤਿਹਾਸ ਉਨ੍ਹਾਂ ਨੂੰ ਕਦੇ ਯਾਦ ਨਾ ਰੱਖਦਾ। ਉਨ੍ਹਾਂ ਨੇ ਮੁਸ਼ਕਿਲਾਂ ਨੂੰ ਰੁਕਾਵਟ ਨਹੀਂ, ਸਗੋਂ ਆਪਣੀ ਤਾਕਤ ਬਣਾਇਆ ਅਤੇ ਹਰ ਚੁਣੌਤੀ ਦਾ ਹੱਲ ਲੱਭਿਆ।

ਹੁਣ ਸੋਚਣਾ ਅਸੀਂ ਹੈ, ਆਪਣਾ ਅੰਦਰ ਟਟੋਲਣਾ ਹੈ ਤੇ ਆਪਣੀ ਅੰਤਰਆਤਮਾ ਨੂੰ ਇਮਾਨਦਾਰੀ ਨਾਲ ਸਵਾਲ ਕਰਨਾ ਹੈ 'ਕੀ ਮੇਰੇ 'ਚ ਉਨ੍ਹਾਂ ਸਫਲ ਲੋਕਾਂ ਵਾਂਗ ਪੜ੍ਹਨ, ਅੱਗੇ ਵਧਣ ਦਾ ਜਜ਼ਬਾ ਅਤੇ ਬਹਾਨੇਬਾਜ਼ੀ ਦੀ ਜਗ੍ਹਾ ਕੋਲ ਮੌਜੂਦ ਸੀਮਤ ਸਾਧਨਾਂ ਨਾਲ ਆਪਣੀ ਮੰਜ਼ਿਲ ਸਰ ਕਰਨ ਦੀ ਹਿੰਮਤ ਹੈ?

ਜੇ ਇਸ ਦਾ ਜਵਾਬ 'ਹਾਂ' ਹੈ, ਤਾਂ ਯਕੀਨ ਰੱਖ ਦੁਨੀਆਂ ਦੀ ਕੋਈ ਵੀ ਤਾਕਤ ਤੁਹਾਨੂੰ ਤੁਹਾਡੀ ਮੰਜ਼ਿਲ ਤੱਕ ਪਹੁੰਚਣ ਤੋਂ ਨਹੀਂ ਰੋਕ ਸਕਦੀ।


ਵਿਦਿਆਰਥੀ ਨੇ 'ਹਾਂ ਜੀ' ਆਖ ਹੁੰਗਾਰਾ ਭਰਿਆ ਤੇ ਮੈਂ ਕਾਲ ਕੱਟ ਦਿੱਤੀ ਸੀ।

**ਡਾ. ਹਰਲੀਨ ਕੌਰ**
**ਸੰਪਰਕ: 98723-31686**

# ਪੰਜਾਬੀਆਂ 'ਚ ਵਿਖਾਵੇਬਾਜੀ ਦਾ ਵਧਦਾ ਰੁਝਾਨ

ਜ਼ਿਕਰ ਪੰਜਾਬ

ਸੱਭਿਆਚਾਰ ਇੱਕ ਬਦਲਦਾ ਸੰਕਲਪ ਹੈ, ਜੋ ਸਥਿਰ ਨਹੀਂ ਹੈ। ਇਸ ਦਾ ਬਦਲਾਅ ਨਿਰੰਤਰ ਤੇ ਹੌਲੀ-ਹੌਲੀ ਹੁੰਦਾ ਰਹਿੰਦਾ ਹੈ। ਸਾਡਾ ਦੇਸ਼ ਅਲੱਗ-ਅਲੱਗ ਰੰਗਾਂ ਦੇ ਫੁੱਲਾਂ ਦੇ ਗੁਲਦਸਤੇ ਵਾਂਗ ਹੈ, ਜਿਸ ਵਿੱਚ ਵੱਖ-ਵੱਖ ਕੌਮਾਂ-ਕਬੀਲੇ ਆਪਣੇ ਰੀਤੀ ਰਿਵਾਜਾਂ, ਸੰਸਕਾਰਾਂ ਨਾਲ ਇਸ ਦੇਸ਼ ਰੂਪੀ ਗੁਲਦਸਤੇ ਨੂੰ ਚਾਰ ਚੰਨ ਲਗਾਉਂਦੇ ਹਨ। ਇੱਕ ਕੌਮ ਦਾ ਸੱਭਿਆਚਾਰ , ਰੀਤੀ ਰਿਵਾਜ ਦੂਜੀ ਕੌਮ ਨਾਲ ਮੇਲ ਨਹੀਂ ਖਾਂਦੇ ਪਰ ਸੰਸਾਰੀਕਰਨ ਹੋਣ ਕਾਰਨ ਅਜੋਕੇ ਸੱਭਿਆਚਾਰ ਦਾ ਮੂੰਹ ਮੁਹਾਂਦਰਾ ਕਾਫੀ ਬਦਲ ਚੁੱਕਿਆ ਹੈ। ਅਸੀ ਇੱਕ ਦੂਜੇ ਦੇ ਸੱਭਿਆਚਾਰ, ਰੀਤੀ ਰਿਵਾਜਾਂ ਨੂੰ ਆਪੋ ਆਪਣੇ ਸੱਭਿਆਚਾਰ 'ਚ ਸ਼ਾਮਿਲ ਕਰ ਰਹੇ ਹਾਂ। ਇਹ ਵੀ ਸੱਚ ਹੈ ਕਿ ਭਾਂਵੇ ਸੂਰਜ ਸਾਡੇ ਦੇਸ਼ ਵਿੱਚ ਉੱਗਦਾ ਹੈ ਪਰ ਫਿਰ ਵੀ ਰੋਸ਼ਨੀ ਦੀ ਆਸ ਅਸੀਂ ਪੱਛਮ 'ਚੋਂ ਲਗਾਈ ਰੱਖਦੇ ਹਾਂ ਅਤੇ ਉੱਧਰੋਂ ਆਉਂਦੀ ਰੋਸ਼ਨੀ ਸਾਨੂੰ ਹਮੇਸ਼ਾਂ ਪ੍ਰਭਾਵਿਤ ਕਰਦੀ ਹੈ। ਦੂਜਿਆਂ ਦੀਆਂ ਚੰਗਿਆਈਆਂ ਅਪਣਾਉਣਾ ਬੁਰੀ ਗੱਲ ਨਹੀਂ ਹੈ ਪਰ ਜਦ ਚੰਗੇ ਦੀ ਥਾਂ ਮਾੜਾ ਪ੍ਰਭਾਵ ਗ੍ਰਹਿਣ ਕਰ ਲਿਆ ਜਾਂਦਾ ਹੈ ਤਾਂ ਇਹ ਸੱਭਿਆਚਾਰਕ ਕਦਰਾਂ ਕੀਮਤਾਂ ਨੂੰ ਤਹਿਸ ਨਹਿਸ ਕਰ ਦਿੰਦਾ ਹੈ। ਰੀਤੀ ਰਿਵਾਜ, ਸੰਸਕਾਰ ਮਨੁੱਖ ਦੀ ਪੂਰੀ ਜ਼ਿੰਦਗੀ ਨਾਲੋ ਨਾਲ ਚਲਦੇ ਹਨ। ਜਨਮ ਤੋਂ ਲੈ ਕੇ ਮਰਨ ਤੱਕ ਹਰ ਪੜਾਅ ਉੱਪਰ ਕੋਈ ਨਾ ਕੋਈ ਰਸਮ ਕੀਤੀ ਜਾਂਦੀ ਹੈ। ਪੁਰਾਤਨ ਸਮਿਆਂ ਤੋਂ ਪ੍ਰਚਲਿਤ ਰਸਮ ਰਿਵਾਜ ਅੱਜ ਵੀ ਕਾਇਮ ਹਨ ਪਰ ਫਰਕ ਸਿਰਫ ਇੰਨਾ ਕੁ ਆ ਗਿਆ ਹੈ ਕਿ ਉਨਾਂ ਰੀਤੀ ਰਿਵਾਜ਼ਾਂ ਦੇ ਨਾਂਅ 'ਤੇ ਫਜ਼ੂਲ਼ ਖਰਚੀ ਆਮ ਕੀਤੀ ਜਾਂਦੀ ਹੈ। ਪੈਸੇ ਦੀ ਪ੍ਰਧਾਨਤਾ ਹੋਣ ਕਾਰਨ ਅਜੋਕੇ ਰੀਤੀ ਰਿਵਾਜ਼ ਖੋਖਲੇ ਜਾਪਦੇ ਹਨ। ਸਮਾਜ ਵਿੱਚ ਨੱਕ ਰੱਖਣ ਲਈ ਲੋਕ ਅੱਡੀਆਂ ਚੁੱਕ ਕੇ ਫਾਹਾ ਲੈਂਦੇ ਹਨ ਤੇ ਵਿੱਤੋਂ ਵੱਧ ਖਰਚਾ ਕਰਕੇ ਪੂਰੀ ਜ਼ਿੰਦਗੀ ਨਰਕ ਭੋਗਦੇ ਹਨ ਜਾਂ ਫਿਰ ਖ਼ੁਦਕੁਸ਼ੀਆਂ ਦੇ ਰਾਹ ਪੈ ਜਾਂਦੇ ਹਨ। ਅਜੋਕੀਆਂ ਰਸਮਾਂ ਦੇਖ ਕੇ ਜਾਪਦਾ ਜਿਵੇ ਇਹ ਛੋਟੇ ਬੱਚਿਆਂ ਦੀਆਂ ਖੇਡਾਂ ਹੋਣ ਤੇ ਲੋਕ ਭੋਲੇ ਭਾਅ ਇਨਾਂ ਉੱਪਰ ਸਾਰੀ ਪੂੰਜੀ ਲੁਟਾ ਰਹੇ ਹੋਣ। ਪਹਿਲਾਂ ਲੋਕ ਸਾਦਾ ਤੇ ਅਰਾਮਦਾਇਕ ਜੀਵਨ ਬਿਤਾਉਂਦੇ ਸਨ ਪਰ ਅਜੋਕੀ ਭੱਜਦੌੜ ਭਰੀ ਜ਼ਿੰਦਗੀ 'ਚੋਂ ਸਾਦਗੀ ਅਤੇ ਅਰਾਮ ਗਾਇਬ ਹੋ ਚੁੱਕਿਆ ਹੈ। ਇਸੇ ਭੱਜਦੌੜ ਨੇ ਮਾਨਸਿਕ ਸ਼ਾਂਤੀ ਨੂੰ ਖੋਰਾ ਲਗਾਇਆ ਹੈ ਜਿਸ ਨੇ ਬਦਲਦੇ ਜ਼ਿੰਦਗੀ ਜਿਉਣ ਢੰਗ ਤੋਂ ਉਤਪੰਨ ਬੀਮਾਰੀਆਂ ਨੂੰ ਉਪਜਾਇਆ ਹੈ ਜਿਸ ਨੇ ਲੋਕਾਈ ਨੂੰ ਰੋਗੀ ਬਣਾ ਕੇ ਰੱਖ ਦਿੱਤਾ ਹੈ। ਇੱਕ ਪੰਜਾਬੀ ਅਖ਼ਬਾਰ ਦੀ ਰਿਪੋਰਟ ਅਨੁਸਾਰ ਲੰਘੇ ਸਾਢੇ ਚਾਰ ਵਰ੍?ਆਂ ਦੌਰਾਨ ਪੰਜਾਬੀਆਂ ਨੇ ਤਕਰੀਬਨ 2500 ਕਰੋੜ ਰੁਪਏ ਖਰਚ ਕੇ ਬੁਲੇਟ ਮੋਟਰਸਾਈਕਲ ਖਰੀਦੇ ਹਨ, ਜਿਸ ਨੇ ਉਨਾਂ ਦੇ ਮਾੜੇ ਆਰਥਿਕ ਹਾਲਾਤਾਂ ਵਿੱਚ ਵੀ ਵਿਖਾਵੇ ਦੀ ਸ਼ਾਹੀ ਠਾਠ ਰੱਖਣ ਦੇ ਮਾੜੇ ਰੁਝਾਨ ਨੂੰ ਉਜਾਗਰ ਕੀਤਾ ਹੈ। ਰਿਪੋਰਟ ਅਨੁਸਾਰ ਔਸਤਨ ਵਿਕਰੀ ਰੋਜ਼ਾਨਾ 119 ਰਹੀ ਹੈ ਤੇ ਇਸ ਖਰੀਦਦਾਰੀ ਵਿੱਚ ਪੰਜਾਬੀ ਕੁੜੀਆਂ ਵੀ ਪਿੱਛੇ ਨਹੀਂ ਹਨ। ਇਸ ਦਾ ਵੱਡਾ ਕਾਰਨ ਅਜੋਕਾ ਗੀਤ ਸੰਗੀਤ ਹੈ ਜਿਸ ਵਿੱਚ ਹਥਿਆਰਾਂ, ਬੁਲੇਟ ਮੋਟਰਸਾਈਕਲਾਂ ਨੂੰ ਵਡਿਆ ਕੇ ਪੇਸ਼ ਕੀਤਾ ਜਾ ਰਿਹਾ ਹੈ। ਸਾਡਾ ਸੂਬਾ ਜਿੱਥੇ ਕਿਸਾਨ ਮਜ਼ਦੂਰ ਖ਼ੁਦਕੁਸ਼ੀਆਂ ਦੇ ਰਾਹ ਪਏ ਹੋਏ ਹਨ, ਆਰਥਿਕਤਾ ਡਗਮਗਾਈ ਹੋਈ ਹੈ ਉੱਥੇ ਸੂਬੇ ਦੇ ਬਾਸ਼ਿੰਦਿਆਂ ਦੁਆਰਾ ਵਿਖਾਵੇਬਾਜੀ 'ਚ ਝੁੱਗਾ ਚੌੜ ਕਰਵਾਉਣਾ ਸਮਝਦਾਰੀ ਹਰਗਿਜ਼ ਨਹੀਂ ਹੈ। ਬੱਚੇ ਦੇ ਜਨਮ ਖਾਸ ਕਰਕੇ ਮੁੰਡੇ ਦੇ ਜਨਮ 'ਤੇ ਰੀਤੀ ਰਿਵਾਜ਼ਾਂ ਦੇ ਨਾਮ 'ਤੇ ਜਸ਼ਨ ਮਨਾਉਣ ਲਈ ਬਹੁਤ ਖਰਚਾ ਕੀਤਾ ਜਾਂਦਾ ਹੈ। ਮਹਿੰਗੇ ਅਤੇ ਬੇਲੋੜੇ ਤੋਹਫੇ ਦਿੱਤੇ ਲਏ ਜਾਂਦੇ ਹਨ। ਮੁੰਡਾ ਵੱਡਾ ਹੋ ਕੇ ਭਾਵੇਂ ਨਾਲਾਇਕ ਹੀ ਨਿੱਕਲੇ ਪਰ ਉਸ ਦੇ ਮਾਪੇ ਸਮਾਜ 'ਚ ਧੌਂਸ ਰੱਖਣ ਲਈ ਪੈਸਾ ਪਾਣੀ ਵਾਂਗ ਵਹਾ ਦਿੰਦੇ ਹਨ। ਕੁੜੀਆਂ ਦੀ ਲੋਹੜੀ ਦਾ ਰਿਵਾਜ ਚਾਹੇ ਹੁਣ ਪ੍ਰਚਲਿਤ ਹੋ ਰਿਹਾ ਹੈ ਜੋ ਇੱਕ ਚੰਗੀ ਪਹਿਲ ਹੈ ਪਰ ਜਸ਼ਨ ਤਾਂ ਅੱਜ ਵੀ ਮੁੰਡਿਆਂ ਦੇ ਜਨਮ 'ਤੇ ਹੀ ਮਨਾਏ ਜਾਂਦੇ ਹਨ। ਅੱਗਿਉਂ ਪੜ੍ਹਾਈ 'ਤੇ ਬਹੁਤ ਖਰਚ ਹੁੰਦਾ ਹੈ, ਅਜੋਕੇ ਜਿਆਦਾਤਰ ਮਾਪੇ ਆਪਣੇ ਬੱਚਿਆਂ ਨੂੰ ਮਹਿੰਗੇ ਕਾਨਵੈਂਟ ਸਕੂਲਾਂ 'ਚ ਹੀ ਪੜ੍ਹਾਉਣਾ ਪਸੰਦ ਕਰਦੇ ਹਨ ਜੋ ਅੱਜ ਲੋਕਾਂ ਦਾ 'ਸਟੇਟਸ ਸਿੰਬਲ' ਬਣ ਗਿਆ ਹੈ। ਪਹਿਲਾਂ ਸਾਰੇ ਪਿੰਡ ਦੇ ਬੱਚੇ ਇੱਕ ਹੀ ਸਰਕਾਰੀ ਸਕੂਲ਼ 'ਚ ਪੜ੍ਹਦੇ ਸਨ ਪਰ ਉਪਭੋਗਤਾਵਾਦੀ ਯੁੱਗ ਅਤੇ ਪੈਸੇ ਦੀ ਪ੍ਰਮੁੱਖਤਾ ਨੇ ਸਭ ਕੁਝ ਬਦਲ ਕੇ ਰੱਖ ਦਿੱਤਾ ਹੈ। ਊਚ ਨੀਚ ਦਾ ਭੇਦ ਜੋ ਇਕੱਠੇ ਪੜ੍ਹਨ ਨਾਲ ਮਿਟਣਾ ਸੀ ਹੁਣ ਉਹ ਵਿਕਰਾਲ ਰੂਪ ਧਾਰਨ ਕਰ ਗਿਆ ਹੈ। ਮਹਿੰਗੇ ਸਕੂਲ ਕਾਲਜਾਂ ਦੀਆਂ ਫੀਸਾਂ ਨੇ ਲੋਕਾਂ ਦੇ ਨੱਕ 'ਚ ਦਮ ਚਾਹੇ ਕੀਤਾ ਹੋਇਆ ਹੈ ਪਰ ਫਿਰ ਵੀ ਲੋਕ ਉਸ ਪਾਸੇ ਨੂੰ ਹੀ ਤੁਰ ਰਹੇ ਹਨ। ਇਹ ਕਾਨਵੈਂਟ ਸਕੂਲ ਪੰਜਾਬ ਦੀ ਸਰਜ਼ਮੀਨ ਅਤੇ ਇੱਥੋਂ ਦੇ ਲੋਕਾਂ ਦਾ ਨਮਕ ਖਾ ਕੇ ਇਸ ਖਿੱਤੇ ਦੀ ਮਾਂ ਬੋਲੀ ਨੂੰ ਬੋਲਣਾ ਬੱਚਿਆਂ ਲਈ ਗੁਨਾਹ ਆਖਣ ਲੱਗੇ ਹਨ। ਸਾਡੇ ਸਮਾਜ 'ਚ ਸਭ ਤੋਂ ਜਿਆਦਾ ਫਜ਼ੂਲ ਖਰਚੀ ਵਿਆਹਾਂ 'ਤੇ ਕੀਤੀ ਜਾਂਦੀ ਹੈ, ਅੱਗੇ ਗੱਲ ਤੋਰਨ ਤੋਂ ਪਹਿਲਾਂ ਪ੍ਰੀ-ਵੈਡਿੰਗ ਬਾਰੇ ਚਰਚਾ ਲਾਜ਼ਮੀ ਹੈ ਜੋ ਅਜੋਕੇ ਸਮੇ 'ਚ ਅਮੀਰਾਂ ਦਾ ਚੋਜ ਨਾ ਰਹਿ ਕੇ ਆਮ ਲੋਕਾਂ ਨੂੰ ਵੀ ਇਸ ਬਾਬਤ ਸੱਦਾ ਦੇ ਰਿਹਾ ਹੈ। ਨੈਤਿਕਤਾ ਦੀ ਬਲੀ ਦੇ ਕੇ ਸ਼ਾਦੀ ਤੋਂ ਪਹਿਲਾਂ ਹੀ ਮੁੰਡੇ ਕੁੜੀ ਦੀਆਂ ਸ਼ਰੇਆਮ ਜੱਫੀਆਂ ਪਵਾਈਆਂ ਜਾਂਦੀਆਂ ਹਨ। ਇਹ ਚਾਹੇ ਫਿਲਮਾਂ ਜਾਂ ਮੀਡੀਆ ਦੀ ਦੇਣ ਹੈ ਜੋ ਉੱਥੇ ਸ਼ੋਭਦਾ ਵੀ ਹੋ ਸਕਦਾ ਹੈ ਪਰ ਅਸਲ ਜ਼ਿੰਦਗੀ 'ਚ ਆਮ ਲੋਕਾਂ ਲਈ ਅਜੇ ਇਹ ਸੌਦਾ ਮਹਿੰਗਾ ਹੈ, ਸਗੋਂ ਇਸ ਨੇ ਤਾਂ ਫਜ਼ੂਲ ਖਰਚੀ ਨੂੰ ਉਪਜਾਇਆ ਹੈ। ਅਜੋਕੇ ਵਿਆਹਾਂ 'ਚ ਤਾਂ ਦਹੇਜ ਦੇ ਨਾਮ'ਤੇ ਸੌਦੇ ਕੀਤੇ ਜਾਂਦੇ ਹਨ, ਇਸ ਦੀ ਮੂੰਹ ਬੋਲਦੀ ਤਸਵੀਰ ਸੋਸ਼ਲ ਮੀਡੀਏ 'ਤੇ ਵਾਇਰਲ ਇੱਕ ਆਡੀਓ ਹੈ ਜਿਸ ਅੰਦਰ ਇੱਕ ਆਦਮੀ ਸ਼ਰੇਆਮ ਮੁੰਡਾ ਵਿਆਹੁਣ ਲਈ ਦਹੇਜ 'ਚ ਕੀਤੇ ਸੌਦੇ ਦੀ ਰਕਮ ਆਨੰਦ ਕਾਰਜ ਤੋਂ ਪਹਿਲਾਂ ਲੈਣ ਲਈ ਧਮਕਾ ਰਿਹਾ ਹੈ। ਪੁਰਾਤਨ ਕਾਲ 'ਚ ਦਹੇਜ ਦਾ ਜ਼ਿਕਰ ਮਿਲਦਾ ਹੈ ਪਰ ਉਦੋਂ ਹੈਸੀਅਤ ਅਨੁਸਾਰ ਤੇ ਸਾਦਾ ਦਹੇਜ ਦਿੱਤਾ ਜਾਂਦਾ ਸੀ। ਜੰਞ ਦੀ ਆਉ ਭਗਤ ਸਧਾਰਨ ਤਰੀਕੇ ਨਾਲ ਹੁੰਦੀ ਸੀ। ਬਰਾਤੀ ਵੀ ਨੈਤਿਕਤਾ ਦਾ ਪੱਲਾ ਨਹੀਂ ਛੱਡਦੇ ਸਨ ਤੇ ਸਾਦਗੀ ਨਾਲ ਹਰ ਰਸਮ 'ਚ ਸ਼ਾਮਿਲ ਹੁੰਦੇ ਸਨ। ਅਜੋਕੇ ਸਮੇਂ ਅੰਦਰ ਬਰਾਤ ਦੀ ਆਉ ਭਗਤ ਬੜੇ ਜੋਸ਼ ਖਰੋਸ਼ ਨਾਲ ਕੀਤੀ ਜਾਂਦੀ ਹੈ, ਮਹਿੰਗੇ ਖਾਣੇ ਪਰੋਸੇ ਜਾਂਦੇ ਹਨ, ਬਲਕਿ ਲੜਕੇ ਪਰਿਵਾਰ ਦੀ ਮੰਗ 'ਤੇ ਮੁਰਗੇ ਬੱਕਰਿਆਂ ਦੀ ਬਲੀ ਦਿੱਤੀ ਜਾਂਦੀ ਹੈ। ਆਰਕੈਸਟਰਾ ਆਦਿ ਲਗਾ ਕੇ ਨੈਤਿਕਤਾ ਨੂੰ ਛਿੱਕੇ ਟੰਗ ਕੇ ਅੱਧ ਢਕੇ ਜਿਸਮਾਂ ਦੀ ਨੁਮਾਇਸ਼ ਲਗਾਈ ਜਾਂਦੀ ਹੈ। ਸ਼ਰਾਬ ਕਬਾਬ ਦੇ ਨਸ਼ੇ 'ਚ ਟੱਲੀ ਬਰਾਤੀ ਸੱਜਣ ਉਨ੍ਹਾਂ ਆਰਕੈਸਟਰਾ ਕੁੜੀਆਂ ਨਾਲ ਅਸ਼ਲੀਲ ਹਰਕਤਾਂ ਆਪਣੇ ਪਰਿਵਾਰਾਂ ਹੀ ਸਾਹਮਣੇ ਕਰਦੇ ਹਨ। ਅਜੋਕਾ ਵਿਆਹ ਪਹਿਲਾਂ ਦੀ ਤਰ੍ਹਾਂ ਦਿਨਾਂ ਦਾ ਨਾ ਹੋ ਕੇ ਚੰਦ ਘੰਟਿਆਂ 'ਚ ਨਿੱਬੜ ਜਾਂਦਾ ਹੈ ਅਤੇ ਇਹ ਚੰਦ ਘੰਟੇ ਹੀ ਮੇਜ਼ਬਾਨ ਦੀ ਜਾਨ ਸੂਲੀ 'ਤੇ ਟੰਗ ਦਿੰਦੇ ਹਨ। ਮੈਰਿਜ ਪੈਲਸਾਂ ਦੀ ਆਮਦ 1980 ਤੋਂ ਬਾਅਦ ਹੀ ਹੋਈ ਹੈ ਜਿਸ ਨੇ ਵਿਆਹਾਂ ਦੀਆਂ ਰਸਮਾਂ ਨੂੰ ਫੁਰਤੀ ਪ੍ਰਦਾਨ ਦਿੱਤੀ ਹੈ ਅਤੇ ਕਾਫੀ ਹੱਦ ਤੱਕ ਬਣਾਵਟੀਪਣ ਵੀ ਲਿਆਂਦਾ ਹੈ। ਲੋਕੀਂ ਸ਼ਗਨ ਦਾ ਲਿਫਾਫਾ ਲੈ ਕੇ ਚੰਦ ਪਲਾਂ ਲਈ ਜਾਂਦੇ ਹਨ ਤੇ ਖਾ ਪੀ ਕੇ ਵਾਪਸ ਆ ਜਾਂਦੇ ਹਨ। ਭਾਈਚਾਰਕ ਸਾਂਝ ਬਿਲਕੁਲ ਖਤਮ ਹੁੰਦੀ ਜਾਪਦੀ ਹੈ। ਆਨੰਦ ਕਾਰਜ ਦੀ ਰਸਮ ਵਿੱਚ ਜਿੱਥੇ ਪਹਿਲਾਂ ਸਾਰੇ ਲੋਕ ਸ਼ਾਮਿਲ ਹੁੰਦੇ ਸਨ, ਪਰ ਹੁਣ ਤਾਂ ਪਤਾ ਹੀ ਨਹੀਂ ਚਲਦਾ ਕਦੋਂ ਇਹ ਰਸਮ ਹੋ ਗਈ ਹੈ। ਖਾਊ-ਪੀਊ ਸੱਭਿਆਚਾਰ ਸਾਡੇ ਮਨਾਂ 'ਤੇ ਹਾਵੀ ਹੋ ਚੁੱਕਿਆ ਹੈ। ਸਿਰਫ ਚੰਦ ਪਲਾਂ ਦੀ ਝੂਠੀ ਖੁਸ਼ੀ ਨੂੰ ਅਸੀਂ ਆਨੰਦ ਸਮਝਣ ਦਾ ਵਹਿਮ ਪਾਲ ਬੈਠੇ ਹਾਂ। ਫਜ਼ੂਲ ਖਰਚੀ ਦਾ ਸਬੰਧ ਸਿਰਫ ਖੁਸ਼ੀ ਨਾਲ ਹੀ ਨਹੀਂ ਹੈ ਸਗੋਂ ਗਮੀ ਵਿੱਚ ਵੀ ਫਜ਼ੂਲ ਖਰਚੀ ਘੱਟ ਨਹੀਂ ਕੀਤੀ ਜਾਂਦੀ। ਜ਼ਮਾਨਾ ਚਾਹੇ ਬਦਲ ਗਿਆ ਹੈ ਪਰ ਮਰਨੇ ਆਦਿ ਰਸਮਾਂ 'ਤੇ ਕਾਫੀ ਖਰਚ ਕੀਤਾ ਜਾਂਦਾ ਹੈ। ਬਜ਼ੁਰਗਾਂ ਨੂੰ ਵੱਡਾ ਕਰਨ ਦੇ ਨਾਂਅ 'ਤੇ ਜਲੇਬੀਆਂ ਜਾਂ ਹੋਰ ਪਕਵਾਨਾਂ ਨਾਲ ਲੋਕਾਂ ਦੀ ਖਿਦਮਤ ਕੀਤੀ ਜਾਂਦੀ ਹੈ। ਇਹ ਕੌੜਾ ਸੱਚ ਹੈ ਜਿਸ ਬਜ਼ੁਰਗ ਨੂੰ ਵੱਡਾ ਕੀਤਾ ਜਾਂਦਾ ਹੈ ਅਕਸਰ ਹੀ ਉਸ ਦੀ ਔਲਾਦ ਨੇ ਉਸ ਨੂੰ ਠੋਕਰਾਂ ਮਾਰੀਆਂ ਹੁੰਦੀਆਂ ਹਨ ਅਤੇ ਸਿਰਫ ਸ਼ਰੀਕੇ 'ਚ ਧੌਂਸ ਰੱਖਣ ਲਈ ਅਜਿਹਾ ਕੀਤਾ ਜਾਂਦਾ ਹੈ। ਜੇਕਰ ਅਜਿਹਾ ਨਾ ਹੁੰਦਾ ਤਾਂ ਅੱਜ ਬਿਰਧ ਆਸ਼ਰਮ ਸਾਡੇ ਸਮਾਜ ਦੇ ਮੱਥੇ 'ਤੇ ਕਲੰਕ ਨਾ ਬਣਦੇ। ਅਜੋਕੇ ਅਗਾਂਹਵਧੂ ਤੇ ਪੜ੍ਹੇ-ਲਿਖੇ ਜਿਆਦਾਤਰ ਲੋਕਾਂ ਨੇ ਆਪਣੇ ਬਜ਼ੁਰਗਾਂ ਨੂੰ ਘਰ ਤੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਹੈ। ਆਪਣੇ ਆਪ ਨੂੰ ਪਾਕ ਸਾਫ ਦੱਸਣ ਲਈ ਲੋਕ ਉਨਾਂ ਬਜ਼ੁਰਗਾਂ ਦੇ ਮਰਨੇ 'ਤੇ ਇਹ ਲੋਕ ਫਜ਼ੂਲ ਖਰਚੀ ਕਰਦੇ ਹਨ। ਆਖ਼ਰ ਸਮਾਜ ਕਿਸ ਪਾਸੇ ਨੂੰ ਤੁਰ ਪਿਆ ਹੈ। ਇਹ ਸਦੀਵੀ ਸੱਚ ਹੈ ਅਗਰ ਅਸੀਂ ਆਪਣੇ ਮਾਪਿਆਂ ਦਾ ਕਹਿਣਾ ਨਹੀਂ ਮੰਨਦੇ ਤੇ ਬਣਦਾ ਸਤਿਕਾਰ ਨਹੀਂ ਦਿੰਦੇ ਤਾਂ ਸਾਨੂੰ ਆਪਣੀ ਆਉਣ ਵਾਲੀ ਪੀੜੀ ਤੋਂ ਸਤਿਕਾਰ ਦੀ ਆਸ ਛੱਡ ਦੇਣੀ ਚਾਹੀਦੀ ਹੈ। ਇਸ ਵਿਖਾਵੇਬਾਜੀ ਵਿੱਚ ਪੰਜਾਬੀ ਲੋਕ ਸਭ ਤੋਂ ਅੱਗੇ ਹਨ ਅਤੇ ਸਮਾਜ 'ਚ ਨੱਕ ਰੱਖਣ ਲਈ ਆਪਣੀ ਹੈਸੀਅਤ ਤੋਂ ਕਿਤੇ ਜਿਆਦਾ ਖਰਚਾ ਕਰਦੇ ਹਨ ਅਤੇ ਜਦ ਮੱਧਵਰਗੀ ਪਰਿਵਾਰ ਲਈ ਉਸ ਕਰਜ਼ੇ ਦੀ ਅਦਾਇਗੀ ਮੁਸ਼ਕਿਲ ਬਣਦੀ ਹੈ ਤਾਂ ਖ਼ੁਦਕੁਸ਼ੀਆਂ ਦਾ ਪੱਲਾ ਫੜਨਾ ਮਜਬੂਰੀ ਹੋ ਨਿੱਬੜਦੀ ਹੈ। ਆਖ਼ਰ ਕਿਉਂ ਅਜਿਹੀ ਫੋਕੀ ਸ਼ਾਨ ਲਈ ਅਡੰਬਰ ਰਚਿਆ ਜਾਂਦਾ ਹੈ ਤੇ ਫਿਰ ਉਹ ਨੱਕ ਕਿੱਥੇ ਚਲਿਆ ਜਾਂਦਾ ਹੈ ਜਦ ਕਰਜ਼ੇ ਦੀ ਮਾਰ ਕਾਰਨ ਖੁਦਕੁਸ਼ੀ ਅਖਬਾਰਾਂ ਦੇ ਪੰਨੇ ਕਾਲੇ ਕਰਦੀ ਹੈ। ਸਾਡੇ ਸਮਾਜ ਨੂੰ ਅਜਿਹੀਆਂ ਫਾਲਤੂ ਗੱਲਾਂ ਤੋਂ ਹਰ ਹੀਲੇ ਉੱਪਰ ਉੱਠਣ ਦੀ ਲੋੜ ਹੈ। ਸ਼ਾਡੇ ਰੀਤੀ ਰਿਵਾਜ਼, ਸੰਸਕਾਰ ਜੋ ਸਾਨੂੰ ਸਾਡੇ ਪੂਰਵਜਾਂ ਤੋਂ ਮਿਲੇ ਹਨ ਉਹ ਬੜੇ ਮਹਾਨ ਹਨ ਜੋ ਸਾਨੂੰ ਭਾਈਚਾਰਕ ਬੰਧਨਾਂ 'ਚ ਬੰਨਦੇ ਹਨ। ਅਜੋਕੇ ਸਮੇ ਦੀ ਇਹ ਪੁਰਜ਼ੋਰ ਮੰਗ ਹੈ ਕਿ ਅਸੀਂ ਆਪਣੇ ਅਖੌਤੀ ਰੀਤੀ ਰਿਵਾਜ਼ਾਂ ਦੇ ਉੱਪਰ ਫਜ਼ੂਲ ਖਰਚੀ ਨੂੰ ਹਰ ਹੀਲੇ ਬੰਦ ਕਰੀਏ। ਕੌਮੀ ਨਮੂਨਾ ਸਰਵੇਖਣ ਸੰਗਠਨ ਅਨੁਸਾਰ ਦੇਸ਼ ਦੇ 52 ਫ਼ੀਸਦੀ ਕਿਸਾਨ ਕਰਜ਼ਾਈ ਹਨ ਅਤੇ ਪੰਜਾਬ ਦੇ 53 ਫ਼ੀਸਦੀ ਕਿਸਾਨ ਕਰਜ਼ੇ ਦੇ ਬੋਝ ਹੇਠਾਂ ਦੱਬੇ ਹੋਏ ਹਨ। ਇੱਕ ਤਾਜ਼ਾ ਸਰਵੇਖਣ ਅਨੁਸਾਰ ਪੰਜਾਬ ਦੇ 10.53 ਲੱਖ ਲੋਕਾਂ 'ਚੋਂ 89 ਫ਼ੀਸਦੀ ਲੋਕ ਕਰਜ਼ਾਈ ਹਨ ਅਤੇ ਹਰ ਪਿੰਡ ਵਾਸੀ ਦੇ ਸਿਰ ਅੱਠ ਲੱਖ ਦਾ ਕਰਜਾ ਹੈ। ਇਸ ਵੇਲੇ ਪੰਜਾਬ ਦੇ ਕਿਸਾਨਾਂ ਸਿਰ 80000 ਕਰੋੜ ਰੁਪਏ ਹੈ ਜੋ 2009-10 ਵਿੱਚ 35000 ਕਰੋੜ ਰੁਪਏ ਸੀ। ਸਰਵੇਖਣ 'ਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਖੁਦਕੁਸ਼ੀ ਕਰਨ ਵਾਲੇ 79 ਫ਼ੀਸਦੀ ਕਿਸਾਨ ਪੰਜ ਏਕੜ ਤੋਂ ਵੀ ਘੱਟ ਜ਼ਮੀਨ ਦੇ ਮਾਲਕ ਹਨ ਅਤੇ ਇਹ ਖੁਦਕੁਸ਼ੀਆਂ ਬੇਤਹਾਸ਼ਾ ਕਰਜ਼ੇ ਕਾਰਨ ਹੋਈਆਂ ਹਨ। ਸੂਬੇ ਦੇ 74 ਫ਼ੀਸਦੀ ਕਿਸਾਨਾਂ ਅਤੇ 58.6 ਫ਼ੀਸਦੀ ਮਜ਼ਦੂਰਾਂ ਨੇ ਖੁਦਕੁਸ਼ੀ ਕਰਜ਼ੇ ਕਾਰਨ ਕੀਤੀ ਹੈ। ਸਮਾਜ 'ਚ ਹੋਈ ਉੱਥਲ ਪੁੱਥਲ ਨੂੰ ਠੱਲ ਪਾਉਣ ਲਈ ਸਾਨੂੰ ਅਖੌਤੀ ਰੀਤੀ ਰਿਵਾਜ਼ ਤਿਆਗਣੇ ਪੈਣਗੇ। ਫਜ਼ੂਲ ਖਰਚੀ ਨੂੰ ਬੰਦ ਕਰਕੇ ਇਸ ਪੈਸੇ ਦਾ ਸਾਰਥਿਕ ਉਪਯੋਗ ਕੀਤਾ ਜਾਵੇ। ਦੇਸ਼ ਦੇ 21 ਕਰੋੜ ਲੋਕ ਭੁੱਖਮਰੀ ਦਾ ਸ਼ਿਕਾਰ ਹਨ ਤੇ ਮੁਲਕ ਦੇ 40 ਫ਼ੀਸਦੀ ਬੱਚੇ ਕੁਪੋਸ਼ਿਤ ਹਨ। ਗ਼ਰੀਬੀ ਕਾਰਨ ਸਾਡੇ ਦੇਸ਼ ਦੇ 1.40 ਕਰੋੜ ਲੋਕ ਬੰਧੂਆ ਵਰਗੀ ਗ਼ੁਲਾਮੀ ਦਾ ਜੀਵਨ ਬਿਤਾ ਰਹੇ ਹਨ। ਗ਼ਰੀਬੀ ਕਾਰਨ ਲਾਇਕ ਬੱਚੇ ਪੜ੍ਹਾਈ ਛੱਡਣ ਲਈ ਮਜਬੂਰ ਹਨ। ਇਨਾਂ ਲੋਕਾਂ ਦੀ ਮਦਦ ਕਰਕੇ ਪੈਸੇ ਦੀ ਵਰਤੋਂ ਸਾਰਥਿਕ ਹੋ ਸਕਦੀ ਹੈ। ਸਰਦੀ, ਬੀਮਾਰੀਆਂ ਕਾਰਨ ਹਰ ਰੋਜ ਸਾਡੇ ਨੇੜੇ ਤੇੜੇ ਕਿੰਨੇ ਲੋਕ ਮਰਦੇ ਹਨ ਪਰ ਫਿਰ ਵੀ ਸਾਡੀ ਇਨਸਾਨੀਅਤ ਨਹੀਂ ਜਾਗਦੀ। ਸੋ ਇਹ ਜ਼ਰੂਰੀ ਹੈ ਕਿ ਰੀਤੀ ਰਿਵਾਜ਼ਾਂ ਦੇ ਨਾਂਅ ਤੇ ਜੋ ਫਜ਼ੂਲ਼ ਖਰਚੀ ਹੋ ਰਹੀ ਹੈ ਉਸ ਨੂੰ ਸਮਾਜ ਬੰਦ ਕਰੇ।



ਡਾ. ਗੁਰਤੇਜ ਸਿੰਘ

**ਸੰਪਰਕ: 95173-96001**

# ਸਟੀਲ ਫ੍ਰੇਮ ਦਾ ਮੁੜ-ਨਿਰਮਾਣ : ਸ਼ਾਸਨ ਕਰਨ ਤੋਂ ਲੈ ਕੇ ਸੇਵਾ ਤੱਕ, ਸਮਾਂਬੱਧ ਸੁਧਾਰਾਂ ਦਾ ਸਿਲਸਿਲਾ

ਜ਼ਿਕਰ ਪੰਜਾਬ

ਜਦੋਂ ਅੰਗਰੇਜ਼ 1947 ਵਿੱਚ ਭਾਰਤ ਛੱਡ ਕੇ ਵਾਪਸ ਬਰਤਾਨੀਆ ਜਾਣ ਲੱਗੇ, ਤਾਂ ਉਹ ਆਪਣੇ ਪਿੱਛੇ ਇੱਕ ਮੁਹਾਵਰਾ ਛੱਡ ਗਏ : "ਸਟੀਲ ਫ?ਰੇਮ। ਇਸ ਨੂੰ ਉਹ ਭਾਰਤੀ ਸਿਵਲ ਸੇਵਾ ਆਖਦੇ ਸਨ, ਉਹ ਪ੍ਰਸ਼ਾਸਨਿਕ ਢਾਂਚਾ ਜਿਸ ਦੇ ਜ਼ਰੀਏ ਬਰਤਾਨਵੀ ਰਾਜ ਆਪਣੀ ਹਕੂਮਤ ਚਲਾਉਂਦਾ ਸੀ। ਸਟੀਲ ਆਸਾਨੀ ਨਾਲ ਨਹੀਂ ਝੁਕਦਾ ਅਤੇ ਇਹੀ ਅਸਲ ਗੱਲ ਸੀ। ਇਹ ਢਾਂਚਾ ਇੱਕ ਸਾਮਰਾਜ ਨੂੰ ਸਥਿਰ ਬਣਾਈ ਰੱਖਣ ਲਈ ਬਣਾਇਆ ਗਿਆ ਸੀ, ਨਾ ਕਿ ਉਨ੍ਹਾਂ ਲੋਕਾਂ ਦੀ ਗੱਲ ਸੁਣਨ ਲਈ ਜਿਨ੍ਹਾਂ 'ਤੇ ਇਸ ਨੇ ਸ਼ਾਸਨ ਕੀਤਾ ਸੀ। ਆਜ਼ਾਦੀ ਤੋਂ ਬਾਅਦ ਦਹਾਕਿਆਂ ਤੱਕ ਸਾਨੂੰ ਉਹ ਫ?ਰੇਮ ਵਿਰਾਸਤ ਵਿੱਚ ਮਿਲਿਆ। ਅਸੀਂ ਉਸ ਨੂੰ ਨਵਾਂ ਨਾਮ ਦਿੱਤਾ, ਉਸ ਨੂੰ ਖਾਦੀ ਦਾ ਜਾਮਾ ਪਹਿਨਾਇਆ ਅਤੇ ਆਪਣੇ ਆਪ ਨੂੰ ਦੱਸਿਆ ਕਿ ਹੁਣ ਇਹ ਸਾਡਾ ਆਪਣਾ ਹੈ। ਪਰ ਨਿਯੰਤਰਣ ਲਈ ਬਣਾਇਆ ਗਿਆ ਫ?ਰੇਮ ਸੁਭਾਵਿਕ ਤੌਰ 'ਤੇ ਸੇਵਾ ਲਈ ਬਣਾਇਆ ਗਿਆ ਢਾਂਚਾ ਨਹੀਂ ਹੈ। ਅਤੇ ਸਾਡੇ ਗਣਰਾਜ ਦੇ ਪਹਿਲੇ ਕਈ ਦਹਾਕਿਆਂ ਤੱਕ, ਭਾਰਤ ਆਪਣੇ ਬਸਤੀਵਾਦੀ ਦੇਸ਼ ਦੇ ਢਾਂਚੇ ਦੇ ਅੰਦਰ ਹੀ ਬਣਿਆ ਰਿਹਾ। ਇੱਕ ਹੀ ਫਾਰਮ ਨੂੰ ਤਿੰਨ ਕਾਪੀਆਂ ਵਿੱਚ ਦਾਖ਼ਲ ਕਰਦਾ ਰਿਹਾ, ਉਨ੍ਹਾਂ ਹੀ ਉੱਚੀਆਂ ਕੁਰਸੀਆਂ ਦੇ ਸਾਹਮਣੇ ਕਤਾਰਾਂ ਵਿੱਚ ਖੜ੍ਹਾ ਹੁੰਦਾ ਰਿਹਾ ਅਤੇ ਆਪਣੇ ਭਾਗਾਂ ਦੇ ਫ਼ੈਸਲੇ ਲਈ ਕਿਸੇ "ਸਾਹਿਬ"ਦੀ ਉਡੀਕ ਕਰਦਾ ਰਿਹਾ। ਮੈਂ ਆਪਣੇ ਕੰਮਕਾਜੀ ਜੀਵਨ ਦਾ ਜ਼ਿਆਦਾਤਰ ਸਮਾਂ ਇਸ ਢਾਂਚੇ ਦੇ ਅੰਦਰ ਬਿਤਾਇਆ ਹੈ। ਪਹਿਲਾਂ ਇੱਕ ਨਾਗਰਿਕ ਵਜੋਂ ਅਤੇ ਇੱਕ ਪੇਸ਼ੇਵਰ ਵਜੋਂ, ਫਿਰ ਭਾਰਤ ਸਰਕਾਰ ਵਿੱਚ ਅਮਲਾ, ਲੋਕ ਸ਼ਿਕਾਇਤਾਂ ਅਤੇ ਪੈਨਸ਼ਨਾਂ ਦਾ ਪ੍ਰਬੰਧ ਸੌਂਪੇ ਗਏ ਮੰਤਰੀ ਵਜੋਂ, ਜਿਸ ਵਿਭਾਗ ਦਾ ਕੰਮ ਹੀ ਸਟੀਲ ਫ?ਰੇਮ ਦੀ ਜਾਂਚ ਕਰਨਾ ਅਤੇ ਇਹ ਪੁੱਛਣਾ ਹੈ ਕਿ ਕੀ ਇਸ ਨੂੰ ਮੁੜ ਤਿਆਰ ਕਰਨ ਦੀ ਲੋੜ ਹੈ। ਇਸ ਲਈ ਜਦੋਂ ਮੈਨੂੰ ਪੁੱਛਿਆ ਜਾਂਦਾ ਹੈ ਕਿ ਕੀ ਭਾਰਤ ਨੇ ਆਪਣੀ ਨੌਕਰਸ਼ਾਹੀ ਵਿੱਚ ਸੁਧਾਰ ਕੀਤਾ ਹੈ, ਤਾਂ ਮੇਰੇ ਜਵਾਬ ਵਿੱਚ ਨਾ ਤਾਂ ਕਿਸੇ ਸੰਸਥਾ ਦੀ ਰਾਖੀ ਕਰਨ ਵਾਲੇ ਵਿਅਕਤੀ ਦੀ ਢਾਲ ਬਣਨਾ ਹੈ ਅਤੇ ਨਾ ਹੀ ਕਿਸੇ ਅਜਿਹੇ ਵਿਅਕਤੀ ਦੀ ਨਿੰਦਾ ਹੈ, ਜਿਸ ਨੇ ਇਸ ਨੂੰ ਛੱਡ ਦਿੱਤਾ ਹੈ। ਇਹ ਇੱਕ ਅਜਿਹੇ ਵਿਅਕਤੀ ਦਾ ਜਵਾਬ ਹੈ, ਜਿਸ ਨੇ ਇੱਕ ਅਜਿਹੀ ਪ੍ਰਣਾਲੀ ਦੇ 12 ਸਾਲਾਂ ਦੇ ਸ਼ਾਂਤ ਪਰ ਦ੍ਰਿੜ੍ਹ ਮੁੜ-ਨਿਰਮਾਣ ਨੂੰ ਅੰਦਰੋਂ ਦੇਖਿਆ ਹੈ, ਜਿਸ ਨੂੰ ਆਜ਼ਾਦੀ ਤੋਂ ਬਾਅਦ ਸਾਰਥਕ ਰੂਪ ਵਿੱਚ ਛੂਹਿਆ ਨਹੀਂ ਗਿਆ ਸੀ। ਜੇਕਰ ਸ਼?ਰੀ ਨਰੇਂਦਰ ਮੋਦੀ, ਜੋ ਆਪਣੀ ਦੂਰ-ਦਰਸ਼ੀ ਸੋਚ ਲਈ ਜਾਣੇ ਜਾਂਦੇ ਹਨ, ਭਾਰਤ ਦੇ 15ਵੇਂ ਪ੍ਰਧਾਨ ਮੰਤਰੀ ਵਜੋਂ ਅਹੁਦਾ ਨਾ ਸੰਭਾਲਦੇ, ਤਾਂ ਸ਼ਾਇਦ ਇਹ ਅੱਜ ਵੀ ਅਣ-ਛੂਹਿਆ ਹੀ ਰਹਿੰਦਾ। ਸੋਚੋ ਕਿ ਅਸੀਂ ਕਿੱਥੋਂ ਸ਼ੁਰੂਆਤ ਕੀਤੀ। 2014 ਵਿੱਚ, ਕੇਂਦਰ ਸਰਕਾਰ ਕੋਲ ਇੱਕ ਨਾਗਰਿਕ ਦੀ ਸ਼ਿਕਾਇਤ ਜੇਕਰ ਹੱਲ ਕਰ ਦਿੱਤੀ ਜਾਂਦੀ ਸੀ, ਤਾਂ ਇਸ ਨੂੰ ਕਰਨ ਵਿੱਚ ਔਸਤਨ 157 ਦਿਨ ਲੱਗਦੇ ਸਨ। ਜੇਕਰ ਸ਼ਿਕਾਇਤ ਦਰਜ ਵੀ ਕਰ ਲਈ ਜਾਂਦੀ ਸੀ, ਤਾਂ ਇਸ ਦਾ ਮਤਲਬ ਦੇਸ਼ ਭਰ ਵਿੱਚ ਫੈਲੇ ਮੁਸ਼ਕਲ ਨਾਲ ਦਸ ਹਜ਼ਾਰ ਸ਼ਿਕਾਇਤ ਅਧਿਕਾਰੀਆਂ ਵਾਲੀ ਇੱਕ ਪ੍ਰਣਾਲੀ ਨੂੰ ਖੋਜਣਾ ਸੀ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਤੱਕ ਪਹੁੰਚ ਨਹੀਂ ਸੀ ਅਤੇ ਉਹ ਸਾਰੇ ਕਿਸੇ ਵੀ ਅਸਲ ਸਮਾਂ-ਹੱਦ ਪ੍ਰਤੀ ਕੋਈ ਜਵਾਬਦੇਹੀ ਨਹੀਂ ਰੱਖਦੇ ਸਨ। ਨੌਕਰੀ ਲਈ ਸਰਕਾਰੀ ਦਫ਼ਤਰ ਦੇ ਬਾਹਰ ਕਤਾਰ ਵਿੱਚ ਖੜ੍ਹਾ ਇੱਕ ਨੌਜਵਾਨ, ਆਪਣੇ ਪਤੀ ਦੀ ਪੈਨਸ਼ਨ ਫ਼ਾਈਲ ਦਾ ਪਤਾ ਲਗਾ ਰਹੀ ਇੱਕ ਵਿਧਵਾ, ਇਹ ਜਾਣਨ ਦੀ ਕੋਸ਼ਿਸ਼ ਕਰ ਰਿਹਾ ਇੱਕ ਕਿਸਾਨ ਕਿ ਉਸ ਦੇ ਫ਼ਸਲ ਬੀਮਾ ਦਾਅਵੇ ਦੀ ਫ਼ਾਈਲ ਕਿਸੇ ਮੰਤਰਾਲੇ ਦੀ ਅਲਮਾਰੀ ਵਿੱਚੋਂ ਕਿਉਂ ਗਾਇਬ ਹੋ ਗਈ, ਇਨ੍ਹਾਂ ਸਾਰਿਆਂ ਦੇ ਸਾਹਮਣੇ ਇੱਕੋ ਸਥਿਤੀ ਸੀ। ਉਨ੍ਹਾਂ ਦਾ ਸਾਹਮਣਾ ਨਾਗਰਿਕਾਂ ਨੂੰ ਉਡੀਕ ਕਰਵਾਉਣ ਲਈ ਡਿਜ਼ਾਈਨ ਕੀਤੀ ਗਈ ਇੱਕ ਪ੍ਰਣਾਲੀ ਨਾਲ ਅਤੇ ਅਜਿਹੇ ਅਧਿਕਾਰੀਆਂ ਨਾਲ ਸੀ, ਜਿਨ੍ਹਾਂ ਦੀ ਕਿਸੇ ਵੀ ਨਤੀਜੇ ਪ੍ਰਤੀ ਕੋਈ ਜਵਾਬਦੇਹੀ ਨਹੀਂ ਸੀ। ਇਹ ਸਿਰਫ਼ ਅਯੋਗਤਾ ਨਹੀਂ ਸੀ। ਇਹ ਉਸ ਪ੍ਰਸ਼ਾਸਨ ਦਾ ਆਖ਼ਰੀ ਜਿਉਂਦਾ ਹਿੱਸਾ ਸੀ, ਜਿਸ ਦਾ ਨਿਰਮਾਣ ਹੱਲ ਮੁਹੱਈਆ ਕਰਵਾਉਣ ਦੀ ਬਜਾਏ ਡਰਾਉਣ ਲਈ ਕੀਤਾ ਗਿਆ ਸੀ। ਅੱਜ ਦੇ ਨਾਲ ਇਸ ਦੀ ਤੁਲਨਾ ਰਾਏ ਦਾ ਵਿਸ਼ਾ ਨਹੀਂ ਹੈ; ਇਹ ਅੰਕੜਿਆਂ ਵਿੱਚ ਬਿਆਨ ਕੀਤੀ ਗਈ ਹੈ। ਸ਼ਿਕਾਇਤਾਂ ਦੇ ਨਿਪਟਾਰੇ ਦਾ ਸਮਾਂ 157 ਦਿਨਾਂ ਤੋਂ ਘਟ ਕੇ 15 ਦਿਨ ਰਹਿ ਗਿਆ ਹੈ। ਅੱਜ ਸਾਡੀ ਪ੍ਰਣਾਲੀ 9 ਗੁਣਾ ਜ਼ਿਆਦਾ ਸ਼ਿਕਾਇਤਾਂ ਦਾ ਨਿਪਟਾਰਾ ਕਰਦੀ ਹੈ—ਸਾਲਾਨਾ ਲਗਭਗ 3 ਲੱਖ ਤੋਂ ਵੱਧ ਕੇ 27 ਲੱਖ ਸ਼ਿਕਾਇਤਾਂ ਦਾ। ਇਨ੍ਹਾਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਵਾਲੇ ਅਧਿਕਾਰੀਆਂ ਦੀ ਗਿਣਤੀ ਦਸ ਗੁਣਾ ਤੋਂ ਵਧਕੇ ਇੱਕ ਲੱਖ ਤੱਕ ਪਹੁੰਚ ਗਈ ਹੈ। ਇਸ ਸਾਲ ਮਾਰਚ ਵਿੱਚ ਹੀ, ਕੇਂਦਰੀ ਸਕੱਤਰੇਤ ਨੇ ਲਗਾਤਾਰ 45ਵੇਂ ਮਹੀਨੇ ਇੱਕ ਲੱਖ ਸ਼ਿਕਾਇਤਾਂ ਦੇ ਨਿਪਟਾਰੇ ਦਾ ਅੰਕੜਾ ਪਾਰ ਕਰ ਲਿਆ ਹੈ। ਅਸੀਂ ਕੇਂਦਰੀਕ੍ਰਿਤ ਲੋਕ ਸ਼ਿਕਾਇਤ ਨਿਪਟਾਰਾ ਅਤੇ ਨਿਗਰਾਨੀ ਪ੍ਰਣਾਲੀ (ਸੀਪੀਗ੍ਰਾਮਸ) ਨੂੰ ਇੱਕ ਅਜਿਹੇ ਪਲੇਟਫਾਰਮ ਵਜੋਂ ਵਿਕਸਿਤ ਕੀਤਾ ਹੈ ਜੋ ਹੁਣ 22 ਭਾਸ਼ਾਵਾਂ ਵਿੱਚ ਗੱਲ ਕਰਦਾ ਹੈ ਅਤੇ ਮਸਨੂਈ ਬੁੱਧੀ ਦੀ ਵਰਤੋਂ ਕਰਕੇ ਕਿਸੇ ਨਾਗਰਿਕ ਦੀ ਸ਼ਿਕਾਇਤ ਨੂੰ ਸਹੀ ਡੈਸਕ ਤੱਕ ਪਹੁੰਚਾਉਂਦਾ ਹੈ। ਇੱਥੋਂ ਤੱਕ ਕਿ ਇਹ ਇੱਕ ਦੂਰ-ਦੁਰਾਡੇ ਪਿੰਡ ਵਿੱਚ ਇੱਕ ਕਿਸਾਨ ਦੀ ਆਵਾਜ਼ ਵਿੱਚ, ਉਸ ਦੀ ਆਪਣੀ ਭਾਸ਼ਾ ਵਿੱਚ, ਇੱਕ ਚੈਟਬੋਟ ਰਾਹੀਂ ਸ਼ਿਕਾਇਤ ਦਰਜ ਕਰਨ ਦੇ ਯੋਗ ਬਣਾਉਂਦਾ ਹੈ। ਕਾਫ਼ੀ ਸੋਚ-ਸਮਝ ਕੇ, ਅਸੀਂ ਇਸ ਦਾ ਨਾਮ 'ਸਮਾਧਾਨ ਦੀਦੀ', ਭਾਵ 'ਸਮੱਸਿਆ ਦਾ ਹੱਲ ਕਰਨ ਵਾਲੀ ਭੈਣ', ਰੱਖਿਆ ਸੀ। ਜਿਸ ਪੇਂਡੂ ਵਿਅਕਤੀ ਨੂੰ ਆਪਣੇ ਕੰਮ ਲਈ ਕਦੇ ਜ਼ਿਲ੍ਹਾ ਦਫ਼ਤਰ ਦੀ ਯਾਤਰਾ ਕਰਨੀ ਪੈਂਦੀ ਸੀ ਅਤੇ ਉਮੀਦ ਕਰਨੀ ਪੈਂਦੀ ਸੀ ਕਿ ਉਸ ਦਾ ਕੰਮ ਆਸਾਨੀ ਨਾਲ ਹੋ ਜਾਵੇਗਾ, ਉਹ ਹੁਣ ਆਪਣੀ ਪੰਚਾਇਤ ਵਿੱਚ ਇੱਕ ਆਮ ਸੇਵਾ ਕੇਂਦਰ ਤੋਂ ਇਹ ਕੰਮ ਕਰ ਸਕਦਾ ਹੈ। ਹਰ ਮਹੀਨੇ ਦੀ 20 ਤਾਰੀਖ ਨੂੰ ਸੀਐੱਸਸੀ-ਸੀਪੀਗ੍ਰਾਮਸ ਦਿਵਸ ਵਜੋਂ ਤੈਅ ਕੀਤਾ ਜਾਂਦਾ ਹੈ, ਤਾਂ ਜੋ ਇਹ ਵਾਅਦਾ ਆਖ਼ਰੀ ਮੀਲ ਤੱਕ ਪਹੁੰਚ ਸਕੇ। ਪਰ ਉਹ ਡੂੰਘਾ ਬਦਲਾਅ, ਜਿਸ ਨੂੰ ਮੈਂ ਸਟੀਲ ਫ?ਰੇਮ ਦਾ ਅਸਲ ਸੁਧਾਰ ਮੰਨਦਾ ਹਾਂ, ਉਹ ਡਿਜ਼ੀਟਲ ਪਲੰਬਿੰਗ ਨਹੀਂ ਹੈ। ਇਹ ਇਸ ਸੋਚ ਵਿੱਚ ਬਦਲਾਅ ਹੈ ਕਿ ਅਸੀਂ ਆਪਣੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਕਿਵੇਂ ਤਿਆਰ ਕਰਦੇ ਹਾਂ। 70 ਸਾਲਾਂ ਤੱਕ, ਸਰਕਾਰ "ਨਿਯਮ-ਅਧਾਰਿਤ"ਸੱਭਿਆਚਾਰ 'ਤੇ ਚੱਲਦੀ ਰਹੀ: ਇੱਕ ਅਧਿਕਾਰੀ ਨੂੰ ਇਸ ਗੱਲ 'ਤੇ ਪਰਖਿਆ ਜਾਂਦਾ ਸੀ ਕਿ ਕੀ ਉਸ ਨੇ ਸਹੀ ਪ੍ਰਕਿਰਿਆ ਦੀ ਪਾਲਣਾ ਕੀਤੀ ਹੈ ਜਾਂ ਨਹੀਂ, ਨਾ ਕਿ ਇਸ ਗੱਲ 'ਤੇ ਕਿ ਉਸ ਨੇ ਨਾਗਰਿਕ ਦੀ ਸਮੱਸਿਆ ਹੱਲ ਕੀਤੀ ਹੈ ਜਾਂ ਨਹੀਂ। 2020 ਵਿੱਚ, ਅਸੀਂ 'ਮਿਸ਼ਨ ਕਰਮਯੋਗੀ' ਸ਼ੁਰੂ ਕੀਤਾ, ਜੋ ਪ੍ਰਸ਼ਾਸਨਿਕ ਸੇਵਾ ਸਮਰੱਥਾ ਨਿਰਮਾਣ ਲਈ ਰਾਸ਼ਟਰੀ ਪ੍ਰੋਗਰਾਮ ਹੈ। ਅਸੀਂ ਇਸ ਪ੍ਰੋਗਰਾਮ ਨੂੰ ਇਸੇ "ਭੂਮਿਕਾ-ਅਧਾਰਿਤ"ਸੱਭਿਆਚਾਰ ਵਿੱਚ ਤਬਦੀਲ ਕਰਨ ਲਈ ਸ਼ੁਰੂ ਕੀਤਾ ਸੀ, ਜਿੱਥੇ ਇੱਕ ਅਧਿਕਾਰੀ ਨੂੰ ਇਸ ਆਧਾਰ 'ਤੇ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਉਸ ਦਾ ਮੁਲਾਂਕਣ ਕੀਤਾ ਜਾਂਦਾ ਹੈ ਕਿ ਉਸ ਦੀ ਨੌਕਰੀ ਅਸਲ ਵਿੱਚ ਉਸ ਤੋਂ ਕੀ ਮੰਗ ਕਰਦੀ ਹੈ, ਨਾ ਕਿ ਬਸਤੀਵਾਦੀ ਯੁੱਗ ਦੀ ਨਿਯਮ ਪੁਸਤਕ ਵਿੱਚ ਕੀ ਵਰਨਣ ਕੀਤਾ ਗਿਆ ਹੈ। ਅੱਜ ਇੱਕ ਪਿੰਡ-ਪੱਧਰੀ ਕਲਰਕ ਤੋਂ ਲੈ ਕੇ ਭਾਰਤ ਸਰਕਾਰ ਦੇ ਸਕੱਤਰ ਤੱਕ 1.65 ਕਰੋੜ ਤੋਂ ਵੱਧ ਸਰਕਾਰੀ ਕਰਮਚਾਰੀ 'ਆਈਜੀਓਟੀ ਕਰਮਯੋਗੀ' ਨਾਮਕ ਇੱਕ ਸਾਂਝੇ ਡਿਜੀਟਲ ਪਲੇਟਫਾਰਮ 'ਤੇ ਸਿੱਖਦੇ ਹਨ, ਜੋ ਹੁਣ ਹਿੰਦੀ ਅਤੇ 17 ਹੋਰ ਭਾਰਤੀ ਭਾਸ਼ਾਵਾਂ ਵਿੱਚ 5 ਹਜ਼ਾਰ ਤੋਂ ਵੱਧ ਕੋਰਸ ਚਲਾਉਂਦਾ ਹੈ। ਪਹਿਲੀ ਵਾਰ, ਅਸੀਂ ਰਸਮੀ ਤੌਰ 'ਤੇ ਇਸ ਸਿੱਖਣ ਨੂੰ ਕਿਸੇ ਅਧਿਕਾਰੀ ਦੀ ਤਰੱਕੀ ਲਈ ਲੋੜੀਂਦੇ ਸਾਲਾਨਾ ਮੁਲਾਂਕਣ, ਭਾਵ ਪ੍ਰਦਰਸ਼ਨ ਮੁਲਾਂਕਣ ਰਿਪੋਰਟ, ਨਾਲ ਜੋੜਿਆ ਹੈ। ਹੁਣ ਨਿਰੰਤਰ ਸਿੱਖਣਾ ਇੱਕ ਅਜਿਹਾ ਗੁਣ ਨਹੀਂ ਰਹਿ ਗਿਆ, ਜਿਸ ਦਾ ਕੋਈ ਚੰਗਾ ਅਧਿਕਾਰੀ ਅਭਿਆਸ ਕਰਦਾ ਹੈ, ਸਗੋਂ ਇਸ ਨੂੰ ਸਿੱਧੇ ਤੌਰ 'ਤੇ ਉਸ ਦੇ ਕਰੀਅਰ ਨਾਲ ਜੁੜਿਆ ਹੋਇਆ ਇੱਕ ਮਿਆਰ (ਮੈਟ੍ਰਿਕ) ਬਣਾ ਦਿੱਤਾ ਗਿਆ ਹੈ। ਇਹ ਕਾਰਗੁਜ਼ਾਰੀ ਦੀ ਜਵਾਬਦੇਹੀ ਹੈ—ਇੱਕ ਨਾਅਰੇ ਵਜੋਂ ਨਹੀਂ, ਸਗੋਂ ਇੱਕ ਪ੍ਰਣਾਲੀ ਵਜੋਂ।



ਡਾ. ਜਿਤੇਂਦਰ ਸਿੰਘ

ਅਸੀਂ ਅਧਿਕਾਰੀਆਂ ਦੀ ਭਰਤੀ ਅਤੇ ਸਿਖਲਾਈ ਦੇ ਢੰਗ ਵਿੱਚੋਂ ਬਸਤੀਵਾਦੀ ਨਿਸ਼ਾਨੀਆਂ ਨੂੰ ਹਟਾਉਣ ਲਈ ਚੁੱਪਚਾਪ ਪਰ ਲਗਾਤਾਰ ਕੰਮ ਕੀਤਾ ਹੈ। 2016 ਤੋਂ ਬਾਅਦ, ਹੇਠਲੇ ਅਤੇ ਮੱਧ ਪੱਧਰ ਦੀਆਂ ਸਰਕਾਰੀ ਨੌਕਰੀਆਂ, ਗਰੁੱਪ ਸੀ ਅਤੇ ਗੈਰ-ਗਜ਼ਟਿਡ ਗਰੁੱਪ ਬੀ ਅਹੁਦਿਆਂ ਲਈ ਇੰਟਰਵਿਊ, ਜਿਨ੍ਹਾਂ ਅਹੁਦਿਆਂ 'ਤੇ ਰਵਾਇਤੀ ਤੌਰ 'ਤੇ ਇੰਟਰਵਿਊ ਦਾ ਮਤਲਬ ਪੱਖਪਾਤ ਹੁੰਦਾ ਸੀ ਅਤੇ ਅਕਸਰ ਰਿਸ਼ਵਤ ਦਿੱਤੀ ਜਾਂਦੀ ਸੀ, ਨੂੰ ਕੇਂਦਰ ਸਰਕਾਰ ਦੇ ਦਫ਼ਤਰਾਂ ਵਿੱਚ ਖ਼ਤਮ ਕਰ ਦਿੱਤਾ ਗਿਆ ਹੈ। 24 ਰਾਜਾਂ ਅਤੇ 8 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ ਵੀ ਇਸ ਦੀ ਪਾਲਣਾ ਕੀਤੀ ਹੈ। ਅਸੀਂ ਇਸ ਪੁਰਾਣੀ ਲੋੜ ਨੂੰ ਖ਼ਤਮ ਕਰ ਦਿੱਤਾ ਹੈ ਕਿ ਕਿਸੇ ਉਮੀਦਵਾਰ ਨੂੰ ਸਰਕਾਰੀ ਫਾਰਮ ਭਰਨ ਲਈ ਭਰੋਸਾ ਕਰਨ ਤੋਂ ਪਹਿਲਾਂ ਕਿਸੇ ਗਜ਼ਟਿਡ ਅਧਿਕਾਰੀ ਵੱਲੋਂ ਪ੍ਰਤੀ-ਦਸਤਖ਼ਤ ਅਤੇ ਤਸਦੀਕ ਕਰਵਾਉਣੀ ਪਵੇ। ਇਹ ਬਸਤੀਵਾਦੀ ਯੁੱਗ ਦੀ ਇੱਕ ਅਜਿਹੀ ਪ੍ਰਥਾ ਸੀ, ਜੋ ਹਰ ਨਾਗਰਿਕ ਨੂੰ ਉਦੋਂ ਤੱਕ ਜਾਲਸਾਜ਼ੀ ਦਾ ਦੋਸ਼ੀ ਮੰਨਦੀ ਸੀ, ਜਦੋਂ ਤੱਕ ਇਸ ਦੇ ਉਲਟ ਸਾਬਤ ਨਾ ਹੋ ਜਾਵੇ। ਅਸੀਂ ਨੌਕਰਸ਼ਾਹੀ ਦੀਆਂ ਰਸਮੀ ਕਾਰਵਾਈਆਂ ਲਈ ਮਹੀਨਿਆਂ ਤੱਕ ਉਡੀਕ ਕਰਵਾਉਣ ਦੀ ਬਜਾਏ ਸਫ਼ਲ ਉਮੀਦਵਾਰਾਂ ਨੂੰ ਪੁਲਿਸ ਤਸਦੀਕ ਹੋਣ ਤੱਕ ਅਸਥਾਈ ਤੌਰ 'ਤੇ ਆਪਣੀਆਂ ਨਵੀਆਂ ਨੌਕਰੀਆਂ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਦਿੰਦੇ ਹਾਂ। ਅਸੀਂ 1600 ਤੋਂ ਵੱਧ ਅਪ੍ਰਚਲਿਤ ਕਾਨੂੰਨਾਂ ਨੂੰ ਰੱਦ ਕਰ ਦਿੱਤਾ ਹੈ, ਜਿਨ੍ਹਾਂ ਦਾ ਮਕਸਦ ਸਿਰਫ਼ ਸਾਨੂੰ ਇਹ ਯਾਦ ਦਿਵਾਉਣਾ ਸੀ ਕਿ ਪਹਿਲਾਂ ਸਾਡੇ 'ਤੇ ਕਿਸ ਨੇ ਸ਼ਾਸਨ ਕੀਤਾ ਸੀ। ਅੱਜ ਜਦੋਂ ਮੈਂ ਨੌਜਵਾਨ ਅਧਿਕਾਰੀਆਂ ਨਾਲ ਮਿਲਦਾ ਹਾਂ, ਤਾਂ ਮੈਂ ਉਨ੍ਹਾਂ ਨੂੰ ਸਪੱਸ਼ਟ ਤੌਰ 'ਤੇ ਉਹੀ ਗੱਲ ਦੱਸਦਾ ਹਾਂ, ਜੋ ਮੈਂ ਇਸ ਸਾਲ ਦੀ ਸ਼ੁਰੂਆਤ ਵਿੱਚ ਉਨ੍ਹਾਂ ਨੂੰ ਕਹੀ ਸੀ: ਕਿ ਅਜੇ ਵੀ ਸਭ ਤੋਂ ਵੱਡਾ ਸੁਧਾਰ ਮਨ ਵਿੱਚ ਕਰਨ ਦੀ ਲੋੜ ਹੈ ਅਤੇ ਉਹ ਹੈ ਆਪਣੀ "ਬਸਤੀਵਾਦੀ ਮਾਨਸਿਕਤਾ" ਨੂੰ ਦੂਰ ਕਰਨਾ। ਜਦੋਂ ਪ੍ਰਧਾਨ ਮੰਤਰੀ ਨੇ ਸਾਡੇ ਮੰਤਰਾਲੇ ਨੂੰ ਨੌਰਥ ਬਲਾਕ, ਜਿਸ ਦਾ ਹਰ ਪੱਥਰ ਕਿਸੇ ਸਾਮਰਾਜ 'ਤੇ ਸ਼ਾਸਨ ਕਰਨ ਲਈ ਲਾਇਆ ਗਿਆ ਸੀ, ਤੋਂ ਬਾਹਰ ਕਰਤੱਵ ਭਵਨ ਵਿੱਚ ਤਬਦੀਲ ਕੀਤਾ, ਤਾਂ ਇਹ ਸਿਰਫ਼ ਪਤੇ ਵਿੱਚ ਬਦਲਾਅ ਨਹੀਂ ਸੀ। ਇਹ ਇੱਕ ਕਥਨ ਸੀ ਕਿ ਭਾਰਤ ਦਾ ਕੰਮਕਾਜੀ ਸ਼ਬਦ ਕਰਤੱਵ ਹੋਣਾ ਚਾਹੀਦਾ ਹੈ, ਨਾ ਕਿ ਨਿਯੰਤਰਣ। ਇਸ ਸਭ ਦੇ ਨਾਲ-ਨਾਲ ਇੱਕ ਸ਼ਾਂਤ ਸੁਧਾਰ ਚੱਲ ਰਿਹਾ ਹੈ, ਜਿਸ ਦਾ ਮੰਤਵ ਦਫ਼ਤਰ ਤੋਂ ਬਾਹਰ ਦੇ ਨਾਗਰਿਕ ਲਈ ਨਹੀਂ, ਸਗੋਂ ਉਨ੍ਹਾਂ ਔਰਤਾਂ ਲਈ ਹੈ ਜੋ ਦਫ਼ਤਰ ਨੂੰ ਅੰਦਰੋਂ ਚਲਾਉਂਦੀਆਂ ਹਨ। ਆਜ਼ਾਦ ਭਾਰਤ ਦੇ ਇਤਿਹਾਸ ਦੇ ਜ਼ਿਆਦਾਤਰ ਸਮੇਂ ਦੌਰਾਨ, ਸਰਕਾਰੀ ਸੇਵਾ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਕੋਲ ਜਨਮ ਸਮੇਂ ਆਪਣੇ ਇੱਕ ਬੱਚੇ ਨੂੰ ਗੁਆ ਦੇਣ 'ਤੇ ਸੋਗ ਮਨਾਉਣ ਲਈ ਕੋਈ ਰਸਮੀ ਛੁੱਟੀ ਨਹੀਂ ਸੀ; ਅੱਜ ਉਹ 60 ਦਿਨਾਂ ਦੀ ਵਿਸ਼ੇਸ਼ ਜਣੇਪਾ ਛੁੱਟੀ ਦੀ ਹੱਕਦਾਰ ਹੈ। ਇਹ ਇੱਕ ਅਜਿਹਾ ਹੱਕ ਹੈ, ਜੋ ਅਸੀਂ 2022 ਵਿੱਚ ਪ੍ਰਦਾਨ ਕੀਤਾ ਸੀ। ਇਸ ਨੂੰ ਮੈਂ ਸਿਰਫ਼ ਹਮਦਰਦੀ ਦੀ ਇੱਕ ਦੇਰ ਨਾਲ ਆਈ ਭਾਵਨਾ ਹੀ ਆਖ ਸਕਦਾ ਹਾਂ, ਜਿਸ ਨੂੰ ਅਸੀਂ ਉਸ ਤੋਂ ਬਾਅਦ ਉਨ੍ਹਾਂ ਸਾਰੀਆਂ ਮਾਵਾਂ ਲਈ ਵੀ ਉਪਲਬਧ ਕਰਵਾਇਆ ਹੈ, ਜੋ ਸਰੋਗੇਸੀ ਰਾਹੀਂ ਵੀ ਆਪਣੇ ਪਰਿਵਾਰ ਦੀ ਦੇਖਭਾਲ ਕਰਦੀਆਂ ਹਨ। ਅਸੀਂ ਬਾਲ ਦੇਖਭਾਲ ਛੁੱਟੀ ਦੀ ਸਹੂਲਤ ਦਾ ਲਾਭ ਔਰਤਾਂ ਦੀ ਹਰ ਪੋਸਟਿੰਗ ਤੱਕ ਉਪਲਬਧ ਕਰਵਾਉਂਦੇ ਹਾਂ। ਇੱਥੋਂ ਤੱਕ ਕਿ ਸਰਕਾਰ ਉਸ ਨੂੰ ਵਿਦੇਸ਼ ਯਾਤਰਾ ਲਈ ਵੀ ਇਸ ਦੀ ਵਰਤੋਂ ਕਰਨ ਦੀ ਇਜਾਜ਼ਤ ਦਿੰਦੀ ਹੈ। ਇੱਕ ਸਿੰਗਲ ਮਾਂ ਨੂੰ ਇੱਕ ਕੈਲੰਡਰ ਸਾਲ ਵਿੱਚ ਇਸ ਦੇ 6 ਮੌਕੇ ਦਿੱਤੇ ਜਾਂਦੇ ਹਨ, ਜਦਕਿ ਹੋਰਨਾਂ ਨੂੰ ਸਿਰਫ਼ 3 ਦੀ ਹੀ ਇਜਾਜ਼ਤ ਦਿੱਤੀ ਜਾਂਦੀ ਹੈ। ਜਿਹੜੀ ਔਰਤ ਆਪਣੇ ਕਾਰਜਸਥਾਨ 'ਤੇ ਜਿਨਸੀ ਸ਼ੋਸ਼ਣ ਦੀ ਰਿਪੋਰਟ ਕਰਨ ਦਾ ਸਾਹਸ ਕਰਦੀ ਹੈ, ਉਹ ਹੁਣ 90 ਦਿਨਾਂ ਦੀ ਛੁੱਟੀ ਦੀ ਹੱਕਦਾਰ ਹੈ, ਜਦੋਂ ਕਿ ਉਸ ਦੀ ਸ਼ਿਕਾਇਤ ਦੀ ਜਾਂਚ ਆਪਣਾ ਕੰਮ ਕਰਦੀ ਹੈ। ਇਹ ਛੁੱਟੀ ਉਸ ਦੇ ਆਪਣੇ ਖਾਤੇ ਵਿੱਚੋਂ ਨਹੀਂ ਕੱਟੀ ਜਾਂਦੀ। ਦਿਵਿਆਂਗ ਮਹਿਲਾ ਅਧਿਕਾਰੀਆਂ ਨੂੰ ਨਵਜਾਤ ਬੱਚੇ ਦੀ ਦੇਖਭਾਲ ਵਿੱਚ ਮਦਦ ਕਰਨ ਲਈ ਮਹੀਨਾਵਾਰ ਭੱਤਾ ਮਿਲਦਾ ਹੈ। ਸਰਕਾਰੀ ਕਰਮਚਾਰੀ ਦੇ ਦਿਵਿਆਂਗ ਬੱਚੇ ਲਈ ਸਿੱਖਿਆ ਭੱਤਾ ਦੁੱਗਣਾ ਕਰ ਦਿੱਤਾ ਗਿਆ ਹੈ। ਇਨ੍ਹਾਂ ਵਿੱਚੋਂ ਕੁਝ ਵੀ ਜੀਡੀਪੀ ਚਾਰਟ ਵਿੱਚ ਦਿਖਾਈ ਨਹੀਂ ਦੇਵੇਗਾ, ਪਰ ਇਹ ਇਸ ਗੱਲ ਵਿੱਚ ਦਿਖਾਈ ਦਿੰਦਾ ਹੈ ਕਿ ਕੀ ਇੱਕ ਔਰਤ ਹੁਣ ਸਰਕਾਰੀ ਸੇਵਾ ਵਿੱਚ ਬਣੇ ਰਹਿਣ ਦਾ ਵਿਕਲਪ ਚੁਣਦੀ ਹੈ, ਜਿਸ ਤੋਂ ਉਹ ਲੰਬੇ ਸਮੇਂ ਤੱਕ ਚੁੱਪਚਾਪ ਬਾਹਰ ਰਹੀ ਸੀ। ਇਹ ਇਸ ਗੱਲ ਵਿੱਚ ਵੀ ਦਿਖਾਈ ਦਿੰਦਾ ਹੈ ਕਿ ਸਿਵਲ ਸੇਵਾ ਇਮਾਨਦਾਰੀ ਨਾਲ ਕਹਿ ਸਕੇ ਕਿ ਉਹ ਲਿੰਗ ਬਰਾਬਰੀ ਦਾ ਅਸਲ 'ਚ ਪਾਲਣ ਕਰਦੀ ਹੈ, ਨਾ ਕਿ ਸਿਰਫ਼ ਸਾਲ ਵਿੱਚ ਇੱਕ ਵਾਰ ਬੈਨਰ 'ਤੇ ਇਸ ਦਾ ਪ੍ਰਦਰਸ਼ਨ ਕਰਦੀ ਹੈ।

ਬੇਸ਼ੱਕ, ਇਨ੍ਹਾਂ ਵਿੱਚੋਂ ਕੋਈ ਵੀ ਮਾਅਨੇ ਨਹੀਂ ਰੱਖਦਾ, ਜਦੋਂ ਤੱਕ ਕਿ ਇੱਕ ਆਮ ਨਾਗਰਿਕ ਦੇ ਜੀਵਨ ਵਿੱਚ ਕੁਝ ਨਾ ਬਦਲੇ, ਅਤੇ ਅਜਿਹਾ ਹੋਇਆ ਹੈ। ਪਿਛਲੇ ਕੁਝ ਸਾਲਾਂ ਵਿੱਚ ਰੋਜ਼ਗਾਰ ਮੇਲਿਆਂ ਰਾਹੀਂ 12 ਲੱਖ ਤੋਂ ਵੱਧ ਨਿਯੁਕਤੀ ਪੱਤਰ ਦਿੱਤੇ ਗਏ ਹਨ, ਜੋ ਸੰਪਰਕ ਅਤੇ ਪ੍ਰਭਾਵ ਦੇ ਪੁਰਾਣੇ ਰਿਵਾਜ ਤੋਂ ਬਿਨਾਂ ਵੰਡੇ ਗਏ ਹਨ। ਮਸੂਰੀ ਵਿੱਚ ਇੱਕ ਕਾਮਨ ਫਾਊਂਡੇਸ਼ਨ ਕੋਰਸ ਹੈ, ਜਿੱਥੇ ਇੱਕ ਆਈਏਐੱਸ ਅਧਿਕਾਰੀ ਅਤੇ ਇੱਕ ਆਈਪੀਐੱਸ ਅਧਿਕਾਰੀ ਆਪਣੇ ਵੱਖਰੇਪਣ ਨੂੰ ਕਾਇਮ ਰੱਖਣ ਦੀ ਬਜਾਏ ਮੋਢੇ ਨਾਲ ਮੋਢਾ ਜੋੜ ਕੇ ਸਿਖਲਾਈ ਲੈਂਦੇ ਹਨ, ਤਾਂ ਜੋ ਜਦੋਂ ਉਹ ਸਾਲਾਂ ਬਾਅਦ ਕਿਸੇ ਨਾਗਰਿਕ ਨੂੰ ਮਿਲਣ, ਤਾਂ ਉਹ ਤਿੰਨ ਮੁਕਾਬਲੇਬਾਜ਼ ਵਿਭਾਗਾਂ ਦੀ ਬਜਾਏ ਇੱਕ ਸਰਕਾਰ ਵਜੋਂ ਕੰਮ ਕਰਨ। ਇਹ ਸਹੂਲਤ ਹੁਣ ਇੱਕ ਪੈਨਸ਼ਨਰ ਕੋਲ ਹੈ, ਜੋ ਹੁਣ ਬੈਂਕ ਦੀ ਕਤਾਰ ਵਿੱਚ ਖੜ੍ਹੇ ਹੋਣ ਦੀ ਬਜਾਏ ਆਪਣੇ ਘਰ ਤੋਂ ਡਿਜੀਟਲ ਜੀਵਨ ਪ੍ਰਮਾਣ ਪੱਤਰ ਬਣਾ ਸਕਦਾ ਹੈ। ਇੱਕ ਨੌਜਵਾਨ ਚਾਹਵਾਨ ਵਿਦਿਆਰਥੀ ਕੋਲ ਹੁਣ ਹਰ ਪ੍ਰੀਖਿਆ ਲਈ ਇੱਕੋ ਫਾਰਮ ਭਰਨ ਦੀ ਬਜਾਏ ਯੂਪੀਐੱਸਸੀ ਪੋਰਟਲ 'ਤੇ ਇੱਕ ਵਾਰ ਰਜਿਸਟ?ਰੇਸ਼ਨ ਕਰਨ ਦੀ ਸਹੂਲਤ ਹੈ। ਸਰਕਾਰੀ ਸੇਵਾ ਵਿੱਚ ਓਬੀਸੀ ਪ੍ਰਤੀਨਿਧਤਾ 2014 ਵਿੱਚ 19 ਪ੍ਰਤੀਸ਼ਤ ਤੋਂ ਵਧ ਕੇ 27 ਪ੍ਰਤੀਸ਼ਤ ਹੋ ਗਈ ਹੈ।

ਅੰਗਰੇਜ਼ਾਂ ਨੇ ਸਾਡੇ ਲਈ ਜੋ ਸਟੀਲ ਫ੍ਰੇਮ ਛੱਡਿਆ ਸੀ, ਉਹ ਕਦੇ ਵੀ ਰਾਤੋ-ਰਾਤ ਨਸ਼ਟ ਨਹੀਂ ਹੋਣ ਵਾਲਾ ਸੀ ਅਤੇ ਨਾ ਹੀ ਹੋਣਾ ਚਾਹੀਦਾ ਸੀ; ਸੰਸਥਾਵਾਂ ਯਾਦਾਂ ਨੂੰ ਸੰਭਾਲਦੀਆਂ ਹਨ ਅਤੇ ਯਾਦਾਂ ਦੀ ਆਪਣੀ ਵਰਤੋਂ ਹੁੰਦੀ ਹੈ। ਇਨ੍ਹਾਂ 12 ਸਾਲਾਂ ਵਿੱਚ ਅਸੀਂ ਇਸ ਦਾ ਮੁੜ-ਨਿਰਮਾਣ ਕਰਨ ਦੀ ਕੋਸ਼ਿਸ਼ ਕੀਤੀ ਹੈ—ਚੁੱਪਚਾਪ, ਵੱਖ-ਵੱਖ ਸੇਵਾਵਾਂ ਰਾਹੀਂ, ਵੱਖ-ਵੱਖ ਨਿਯਮਾਂ ਰਾਹੀਂ—ਤਾਂ ਜੋ ਜਿਸ ਢਾਂਚੇ ਨੇ ਕਦੇ ਇੱਕ ਸਾਮਰਾਜ ਨੂੰ ਸੰਭਾਲਿਆ ਸੀ, ਉਹੀ ਹੁਣ ਉਸ ਵਿਵਸਥਾ ਨੂੰ ਸਹਾਰਾ ਦੇ ਸਕੇ, ਜਿਸ ਦਾ ਵਾਅਦਾ ਸਾਡੇ ਸੰਵਿਧਾਨ ਨੇ ਅਸਲ ਵਿੱਚ ਆਪਣੇ ਲੋਕਾਂ ਨਾਲ ਕੀਤਾ ਸੀ: ਅਜਿਹੀ ਸਰਕਾਰ ਜੋ ਸ਼ਾਸਨ ਕਰਨ ਦੀ ਬਜਾਏ ਸੇਵਾ ਕਰੇ ਅਤੇ ਸਿਰਫ਼ ਪ੍ਰਸ਼ਾਸਨ ਕਰਨ ਦੀ ਬਜਾਏ ਜਨਤਾ ਪ੍ਰਤੀ ਜਵਾਬਦੇਹ ਹੋਵੇ।

**(ਲੇਖਕ ਕੇਂਦਰੀ ਵਿਗਿਆਨ ਅਤੇ ਤਕਨਾਲੋਜੀ, ਪ੍ਰਿਥਵੀ ਵਿਗਿਆਨ ਰਾਜ ਮੰਤਰੀ (ਸੁਤੰਤਰ ਪ੍ਰਭਾਰ) ਅਤੇ ਪ੍ਰਧਾਨ ਮੰਤਰੀ ਦਫ਼ਤਰ, ਅਮਲਾ, ਪਰਮਾਣੂ ਊਰਜਾ ਅਤੇ ਪੁਲਾੜ ਰਾਜ ਮੰਤਰੀ ਹਨ।)**

# ਐੱਮਐੱਸਐੱਮਈ ਨੂੰ ਮਜ਼ਬੂਤ ਕਰਨ ਲਈ ਸੁਧਾਰਾਂ ਦਾ ਅਗਲਾ ਪੜਾਅ

ਜ਼ਿਕਰ ਪੰਜਾਬ

ਸੰਸਦ ਦੇ ਦੋਵਾਂ ਸਦਨਾਂ ਵਿੱਚ ਹਾਲ ਹੀ ਵਿੱਚ ਪਾਸ ਕੀਤਾ ਗਿਆ ਸੂਖਮ, ਲਘੂ ਅਤੇ ਦਰਮਿਆਨੇ ਉਦਯਮ ਵਿਕਾਸ ਸੋਧ ਬਿਲ, 2026 ਇੱਕ ਬਹੁਤ ਹੀ ਮਹੱਤਵਪੂਰਨ ਬਦਲਾਅ ਹੈ। ਐੱਮਐੱਸਐੱਮਈ ਰਾਸ਼ਟਰ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਪਿਛਲੇ ਕੁਝ ਵਰ੍ਹਿਆਂ ਵਿੱਚ, ਐੱਮਐੱਸਐੱਮਈ ਖੇਤਰ ਨੇ ਵਿਕਾਸ ਦੇ ਨਵੇਂ ਆਯਾਮ ਸਥਾਪਿਤ ਕੀਤੇ ਹਨ। ਅੱਜ 'ਉਦਯਮ ਰਜਿਸਟ੍ਰੇਸ਼ਨ ਪੋਰਟਲ' 'ਤੇ 9 ਕਰੋੜ ਤੋਂ ਵੱਧ ਐੱਮਐੱਸਐੱਮਈ ਰਜਿਸਟਰਡ ਹਨ, ਜੋ 40 ਕਰੋੜ ਲੋਕਾਂ ਨੂੰ ਰੁਜ਼ਗਾਰ ਪ੍ਰਦਾਨ ਕਰਦੇ ਹਨ। ਐੱਮਐੱਸਐੱਮਈ ਸਾਡੀ ਇਕੋਨਮੀ ਵਿੱਚ 31% ਅਤੇ ਨਿਰਯਾਤ ਵਿੱਚ 50% ਯੋਗਦਾਨ ਦਿੰਦੇ ਹਨ। ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਦੇ ਵਿਕਸਿਤ ਭਾਰਤ ਦੇ ਸੰਕਲਪ ਨੂੰ ਸਾਕਾਰ ਕਰਨ ਵਿੱਚ ਐੱਮਐੱਸਐੱਮਈ ਖੇਤਰ ਦੀ ਪ੍ਰਮੁੱਖ ਭਾਗੀਦਾਰੀ ਹੈ। ਐੱਮਐੱਸਐੱਮਈ ਭਾਰਤ ਦੇ ਵਿਕਾਸ ਦੇ ਸੂਤਰਧਾਰ ਹਨ। ਹਾਲ ਹੀ ਦੇ ਵਰ੍?ਆਂ ਵਿੱਚ ਐੱਮਐੱਸਐੱਮਈਜ਼ ਖੇਤਰ ਵਿੱਚ ਜ਼ਿਕਰਯੋਗ ਪ੍ਰਗਤੀ ਹੋਈ ਹੈ ਜੋ 'ਉਦਯਮ' 'ਤੇ ਰਜਿਸਟਰਡ ਉੱਦਮਾਂ ਦੀ ਗਿਣਤੀ ਤੋਂ ਹੀ ਸਪਸ਼ਟ ਦਿਖਾਈ ਦਿੰਦੀ ਹੈ, ਜੋ 1 ਅਪ੍ਰੈਲ 2023 ਨੂੰ 1 ਕਰੋੜ 65 ਲੱਖ ਤੋਂ ਵਧ ਕੇ 9 ਕਰੋੜ ਤੋਂ ਵੱਧ ਹੋ ਗਈ ਹੈ। ਵਰ੍ਹੇ 2020 ਵਿੱਚ, ਸੂਖਮ, ਲਘੂ ਅਤੇ ਦਰਮਿਆਨੇ ਉੱਦਮਾਂ ਦੇ ਵਰਗੀਕਰਣ ਨੂੰ, ਮੈਨੂਫੈਕਚਰਿੰਗ ਅਤੇ ਸੇਵਾ ਖੇਤਰ ਦੇ ਦਰਮਿਆਨ ਅੰਤਰ ਨੂੰ ਖ਼ਤਮ ਕਰਕੇ, ਹੋਰ ਵਿਆਪਕ ਅਤੇ ਸਮਾਵੇਸ਼ੀ ਬਣਾਇਆ ਗਿਆ ਸੀ। ਇਸ ਦੇ ਤਹਿਤ ਟਰਨਓਵਰ ਅਤੇ ਨਿਵੇਸ਼ ਦੋਵਾਂ 'ਤੇ ਅਧਾਰਿਤ ਇੱਕ ਸਮੁੱਚਾ ਮਾਪਦੰਡ ਵਿਕਸਿਤ ਕੀਤਾ ਗਿਆ। ਇਸ ਤੋਂ ਬਾਅਦ ਸਾਲ 2025 ਵਿੱਚ ਸੂਖਮ, ਲਘੂ ਅਤੇ ਦਰਮਿਆਨੇ ਉੱਦਮਾਂ ਦੀ ਨਿਵੇਸ਼ ਸੀਮਾ ਢਾਈ ਗੁਣਾ ਵਧਾ ਕੇ ਕ੍ਰਮਵਾਰ ਢਾਈ ਕਰੋੜ, 25 ਕਰੋੜ ਅਤੇ 125 ਕਰੋੜ ਕੀਤੀ ਗਈ ਹੈ ਅਤੇ ਟਰਨਓਵਰ ਨੂੰ ਦੋ ਗੁਣਾ ਵਧਾ ਕੇ ਕ੍ਰਮਵਾਰ ਦਸ ਕਰੋੜ, 100 ਕਰੋੜ ਅਤੇ 500 ਕਰੋੜ ਕੀਤਾ ਗਿਆ, ਜਿਸ ਨੇ ਇਨ੍ਹਾਂ ਉੱਦਮਾਂ ਨੂੰ ਪੂੰਜੀ ਨਿਵੇਸ਼ ਵਧਾਉਣ, ਵਿਕਾਸ ਅਤੇ ਤਕਨਾਲੋਜੀ ਨੂੰ ਅਪਨਾਉਣ ਲਈ ਉਤਸ਼ਾਹਿਤ ਕੀਤਾ। ਵਿੱਤ ਦੀ ਉਪਲਬਧਤਾ ਐੱਮਐੱਸਐੱਮਈ ਖੇਤਰ ਦੇ ਵਿਕਾਸ ਦਾ ਸਭ ਤੋਂ ਮਹੱਤਵਪੂਰਨ ਕੰਪੋਨੈਂਟ ਹੈ। ਮੰਤਰਾਲਾ ਐੱਮਐੱਸਐੱਮਈ ਖੇਤਰ ਲਈ ਬੈਂਕ ਲੋਨ ਦੀ ਉਪਲਬਧਤਾ ਵਧਾਉਣ ਲਈ ਲਗਾਤਾਰ ਯਤਨਸ਼ੀਲ ਰਿਹਾ ਹੈ ਅਤੇ ਇਸ ਦੇ ਜ਼ਿਕਰਯੋਗ ਨਤੀਜੇ ਦਿਖ ਰਹੇ ਹਨ। ਐੱਮਐੱਸਐੱਮਈਜ਼ ਨੂੰ ਪ੍ਰਦਾਨ ਕੀਤਾ ਗਿਆ ਬਕਾਇਆ ਲੋਨ, ਸਾਲ 2014-15 ਵਿੱਚ 10 ਲੱਖ ਕਰੋੜ ਰੁਪਏ ਸੀ, ਜੋ ਕਿ ਹੁਣ ਵਧ ਕੇ 38 ਲੱਖ 35 ਹਜ਼ਾਰ ਕਰੋੜ ਰੁਪਏ ਤੋਂ ਵੱਧ ਹੋ ਗਿਆ ਹੈ। 'ਕ੍ਰੈਡਿਟ ਗਰੰਟੀ ਟਰਸਟ ਫਾਰ ਮਾਈਕ੍ਰੋ ਐਂਡ ਸਮਾਲ ਐਂਟਰਪ੍ਰਾਈਜ਼ਿਜ਼', ਸੂਖਮ ਅਤੇ ਲਘੂ ਉੱਦਮਾਂ ਨੂੰ ਦਿੱਤੇ ਜਾਣ ਵਾਲੇ ਲੋਨ 'ਤੇ ਗਰੰਟੀ ਉਪਲਬਧ ਕਰਵਾਉਂਦਾ ਹੈ। ਇਸ ਦੇ ਜ਼ਰੀਏ ਸਾਲ 2000 ਤੋਂ 2022 ਦੇ ਦਰਮਿਆਨ, ਸੂਖਮ ਅਤੇ ਲਘੂ ਉੱਦਮਾਂ ਨੂੰ ਦਿੱਤੀ ਗਈ ਕ੍ਰੈਡਿਟ ਗਰੰਟੀ 3 ਲੱਖ 14 ਹਜ਼ਾਰ ਕਰੋੜ ਰੁਪਏ ਸੀ, ਜੋ ਪਿਛਲੇ ਚਾਰ ਵਰ੍?ਆਂ ਵਿੱਚ ਅਰਥਾਤ 2022-23 ਤੋਂ 2025-26 ਤੱਕ ਵਧ ਕੇ 10 ਲੱਖ 43 ਹਜ਼ਾਰ ਕਰੋੜ ਰੁਪਏ ਤੋਂ ਵੱਧ ਹੋ ਗਈ। ਪ੍ਰਧਾਨ ਮੰਤਰੀ ਰੁਜ਼ਗਾਰ ਸਿਰਜਣ ਪ੍ਰੋਗਰਾਮ (ਪੀਐੱਮਈਜੀਪੀ) ਦੇ ਤਹਿਤ, ਵਿੱਤੀ ਵਰ੍ਹੇ 2014-15 ਤੋਂ ਹੁਣ ਤੱਕ ਲਗਭਗ 8 ਲੱਖ 34 ਹਜ਼ਾਰ ਸੂਖਮ ਉੱਦਮਾਂ ਨੂੰ 24 ਹਜ਼ਾਰ 903 ਕਰੋੜ ਰੁਪਏ ਦੀ ਮਾਰਜਿਨ ਮਨੀ ਸਬਸਿਡੀ ਦਿੱਤੀ ਗਈ ਹੈ, ਜਿਸ ਨਾਲ ਅਨੁਮਾਨਿਤ 75 ਲੱਖ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਹੋਏ ਹਨ। ਐੱਮਐੱਸਐੱਮਈ ਮੰਤਰਾਲੇ ਦੀ ਸੂਖਮ ਅਤੇ ਲਘੂ ਉੱਦਮਾਂ ਲਈ ਜਨਤਕ ਖਰੀਦ ਨੀਤੀ 2012 ਦੇ ਅਧੀਨ ਕੇਂਦਰੀ ਮੰਤਰਾਲੇ/ਵਿਭਾਗ/ਕੇਂਦਰੀ ਜਨਤਕ ਖੇਤਰ ਉੱਦਮਾਂ (ਸੀਪੀਐੱਸਈ) ਦੇ ਲਈ ਸੂਖਮ ਅਤੇ ਲਘੂ ਉੱਦਮਾਂ ਤੋਂ ਸਲਾਨਾ 25% ਖਰੀਦ ਕਰਨਾ ਲਾਜ਼ਮੀ ਹੈ; ਇਸ ਵਿੱਚ ਮਹਿਲਾ ਉੱਦਮੀਆਂ ਦੀ ਮਲਕੀਅਤ ਵਾਲੇ ਸੂਖਮ ਅਤੇ ਲਘੂ ਉੱਦਮਾਂ ਤੋਂ 3% ਅਤੇ ਐੱਸਸੀ/ਐੱਸਟੀ ਉੱਦਮੀਆਂ ਦੀ ਮਲਕੀਅਤ ਵਾਲੇ ਸੂਖਮ ਅਤੇ ਲਘੂ ਉੱਦਮਾਂ ਤੋਂ 4% ਖਰੀਦ ਸ਼ਾਮਲ ਹੈ। ਪਿਛਲੇ ਵਰ੍?ਆਂ ਵਿੱਚ ਸੂਖਮ ਅਤੇ ਲਘੂ ਉੱਦਮਾਂ ਨਾਲ ਖਰੀਦ ਵਿੱਚ ਲਗਾਤਾਰ ਵਾਧਾ ਹੋਇਆ ਹੈ। ਵਿੱਤੀ ਵਰ੍ਹੇ 2020-21 ਵਿੱਚ, ਸੂਖਮ ਅਤੇ ਲਘੂ ਉੱਦਮਾਂ ਤੋਂ ਜਨਤਕ ਖਰੀਦ ਦਾ ਮੁੱਲ 40,717 ਕਰੋੜ ਰੁਪਏ ਸੀ ਜੋ ਕਿ ਵਿੱਤੀ ਵਰ੍ਹੇ 2025-26 ਤੋਂ ਵਧ ਕੇ 1,15,801 ਕਰੋੜ ਰੁਪਏ ਹੋ ਗਿਆ ਹੈ, ਜੋ ਸੀਪੀਐੱਸਈ ਦੁਆਰਾ ਖਰੀਦ ਲਈ ਟੀਚਾਬੱਧ 25 ਪ੍ਰਤੀਸ਼ਤ ਦੀ ਤੁਲਨਾ ਵਿੱਚ 49 ਪ੍ਰਤੀਸ਼ਤ ਤੋਂ ਵੱਧ ਹੈ। ਇਸ ਵਿੱਚ ਐੱਸਸੀ/ਐੱਸਟੀ ਉੱਦਮੀਆਂ ਦੀ ਮਲਕੀਅਤ ਵਾਲੇ ਉੱਦਮਾਂ ਤੋਂ 3,984 ਕਰੋੜ ਰੁਪਏ ਦੀ ਖਰੀਦ ਹੋਈ ਅਤੇ ਮਹਿਲਾ ਉੱਦਮੀਆਂ ਦੀ ਮਲਕੀਅਤ ਵਾਲੇ ਉੱਦਮਾਂ ਤੋਂ 9,059 ਕਰੋੜ ਰੁਪਏ ਦੀ ਖਰੀਦ ਹੋਈ ਹੈ। ਐੱਮਐੱਸਐੱਮਈ ਨੂੰ ਉਨ੍ਹਾਂ ਦਾ ਭੁਗਤਾਨ ਸਮੇਂ ਸਿਰ ਦਿਲਵਾਉਣ ਲਈ ਮੰਤਰਾਲੇ ਨੇ ਕਈ ਸਾਰਥਕ ਯਤਨ ਕੀਤੇ ਹਨ, ਟ?ਰੇਡਸ ਇਨ੍ਹਾਂ ਵਿੱਚੋਂ ਇੱਕ ਹੈ। ਇਹ ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਦੁਆਰਾ ਨਿਯਮਿਤ ਇੱਕ ਡਿਜੀਟਲ ਪਲੈਟਫਾਰਮ ਹੈ, ਜਿਸ ਨੂੰ ਭਾਰਤ ਵਿੱਚ ਐੱਮਐੱਸਐੱਮਈ ਦੀ ਲਿਕਵਿਡਿਟੀ (ਨਕਦੀ) ਸਬੰਧੀ ਚੁਣੌਤੀਆਂ ਅਤੇ ਕਾਰਜਸ਼ੀਲ ਪੂੰਜੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਉਦੇਸ਼ ਨਾਲ ਵਰ੍ਹੇ 2017 ਵਿੱਚ ਸ਼ੁਰੂ ਕੀਤਾ ਗਿਆ ਸੀ। ਟ?ਰੇਡਸ ਪਲੈਟਫਾਰਮ ਨੇ ਐੱਮਐੱਸਐੱਮਈ ਖੇਤਰ ਨੂੰ ਮਾਰਚ 2026 ਤੱਕ 8,71,000 ਕਰੋੜ ਰੁਪਏ ਦੀ ਇਨਵੌਇਸ ਡਿਸਕਾਊਂਟਿੰਗ ਰਾਹੀਂ ਸਮੇਂ ਸਿਰ ਭੁਗਤਾਨ ਦਿਵਾਇਆ ਹੈ। ਟ੍ਰੇਡਸ ਪਲੈਟਫਾਰਮ ਨਾਲ ਜੁੜੇ ਐੱਮਐੱਸਐੱਮਈਜ਼ ਦੀ ਗਿਣਤੀ ਅਪ੍ਰੈਲ 2022 ਵਿੱਚ 34,430 ਸੀ, ਜੋ ਮਾਰਚ 2026 ਤੱਕ ਵਧ ਕੇ 2,55,000 ਤੋਂ ਜ਼ਿਆਦਾ ਹੋ ਗਈ ਹੈ। ਉੱਥੇ ਹੀ, ਐੱਮਐੱਸਐੱਮਈ ਦੀ ਇਨਵੌਇਸ ਡਿਸਕਾਊਂਟਿੰਗ ਦੀ ਰਾਸ਼ੀ ਵਰ੍ਹੇ 2021-22 ਵਿੱਚ 40,000 ਕਰੋੜ ਰੁਪਏ ਤੋਂ ਵਧ ਕੇ, ਵਿੱਤੀ ਵਰ੍ਹੇ 2025-26 ਵਿੱਚ 3,47,000 ਕਰੋੜ ਰੁਪਏ ਤੋਂ ਜ਼ਿਆਦਾ ਹੋ ਗਈ ਹੈ। ਟ?ਰੇਡਸ 'ਤੇ ਇਨਵੌਇਸ ਡਿਸਕਾਊਂਟਿੰਗ ਦਾ ਬਦਲਦਾ ਚਲਨ, ਭਾਰਤ ਸਰਕਾਰ ਦੇ ਐੱਮਐੱਸਐੱਮਈ ਦੇ ਸਮਾਂਬੱਧ ਭੁਗਤਾਨ ਪ੍ਰਤੀ ਸੰਕਲਪ ਨੂੰ ਦਰਸਾਉਂਦਾ ਹੈ।



ਸੁਸ਼੍ਰੀ ਸ਼ੋਭਾ ਕਰੰਦਲਾਜੇ

ਇਸੇ ਦਿਸ਼ਾ ਵਿੱਚ ਦੇਰੀ ਦੇ ਭੁਗਤਾਨ ਅਤੇ ਉਸ ਨਾਲ ਜੁੜੇ ਵਿਵਾਦਾਂ ਦੇ ਨਿਪਟਾਰੇ ਲਈ ਪੂਰੇ ਦੇਸ਼ ਵਿੱਚ 161 ਸੂਖਮ ਅਤੇ ਲਘੂ ਉੱਦਮ ਸੁਵਿਧਾ ਪ੍ਰੀਸ਼ਦ (ਐੱਮ ਐੱਸ ਈ ਐੱਫ ਸੀ) ਸਥਾਪਿਤ ਕੀਤੇ ਗਏ ਹਨ। ਸੋਧ ਵਿੱਚ ਰਾਜਾਂ ਨੂੰ ਐੱਮ ਐੱਸ ਈ ਐੱਫ ਸੀ ਦਾ ਢਾਂਚਾ ਤੈਅ ਕਰਨ ਲਈ ਸਮਰੱਥ ਬਣਾਉਣ ਲਈ ਪ੍ਰਾਵਧਾਨ ਲਿਆਂਦੇ ਗਏ ਹਨ, ਜਿਸ ਨਾਲ ਲੋੜ ਮੁਤਾਬਕ ਐੱਮਐੱਸਈਐੱਫਸੀ ਦਾ ਗਠਨ ਕੀਤਾ ਜਾ ਸਕੇ। ਸਬੰਧਿਤ ਧਿਰਾਂ ਵਿੱਚ ਸਮਝੌਤੇ ਨਾਲ ਵਿਵਾਦ ਦੇ ਹੱਲ ਦੇ ਉਚਿਤ ਉਪਰਾਲੇ ਕੀਤੇ ਗਏ ਹਨ। ਇਹ ਸੋਧ ਬਿਲ ਔਨਲਾਈਨ ਵਿਵਾਦ ਸਮਾਧਾਨ (ਓਡੀਆਰ) ਨੂੰ ਸਮਰੱਥ ਅਤੇ ਮਜ਼ਬੂਤ ਬਣਾਉਂਦਾ ਹੈ, ਤਾਂ ਜੋ ਸਬੰਧਿਤ ਧਿਰਾਂ ਦੁਆਰਾ ਆਪਣੇ ਵਿਵਾਦਾਂ ਦਾ ਸਮਾਂਬੱਧ ਅਤੇ ਕਿਫਾਇਤੀ ਢੰਗ ਨਾਲ ਹੱਲ ਨੂੰ ਯਕੀਨੀ ਬਣਾਇਆ ਜਾ ਸਕੇ। ਐੱਮਐੱਸਐੱਮਈ ਮੰਤਰਾਲਾ ਮਹਿਲਾ ਉੱਦਮੀਆਂ ਦੇ ਵਿਕਾਸ ਨੂੰ ਹੁਲਾਰਾ ਦੇਣ ਲਈ ਪੂਰੀ ਤਰ੍ਹਾਂ ਨਾਲ ਵਚਨਬੱਧ ਹੈ। ਮੰਤਰਾਲੇ ਦੀਆਂ ਕਈ ਯੋਜਨਾਵਾਂ ਵਿੱਚ ਮਹਿਲਾਵਾਂ ਲਈ ਵਿਸ਼ੇਸ਼ ਪ੍ਰਾਵਧਾਨ ਹੈ। ਅੱਜ ਉਦਯਮ ਪੋਰਟਲ 'ਤੇ 39% ਤੋਂ ਵੱਧ ਐੱਮਐੱਸਐੱਮਈਜ਼ ਮਹਿਲਾਵਾਂ ਦੀ ਮਾਲਕੀ ਵਿੱਚ ਹਨ, ਯਾਨੀ 3.38 ਕਰੋੜ ਦੇ ਲਗਭਗ ਐੱਮਐੱਸਐੱਮਈ ਮਹਿਲਾ ਮਾਲਕਾਂ ਵਿੱਚ ਹਨ ਅਤੇ ਜਿਨ੍ਹਾਂ ਦੀ ਸੰਖਿਆ ਵਿੱਚ ਨਿਰੰਤਰ ਵਾਧਾ ਹੋ ਰਿਹਾ ਹੈ। ਕ੍ਰੈਡਿਟ ਗਰੰਟੀ ਯੋਜਨਾ ਦੇ ਤਹਿਤ, ਮਹਿਲਾਵਾਂ ਲਈ 90% ਤੱਕ ਦੀ ਗਰੰਟੀ ਕਵਰੇਜ ਹੈ ਅਤੇ ਸਲਾਨਾ ਗਰੰਟੀ ਫੀਸ ਵਿੱਚ 10% ਤੱਕ ਦੀ ਛੋਟ ਪ੍ਰਦਾਨ ਕੀਤੀ ਜਾਂਦੀ ਹੈ। ਖਰੀਦ ਅਤੇ ਵੰਡ ਸਹਾਇਤਾ ਯੋਜਨਾ ਦੇ ਤਹਿਤ ਟ?ਰੇਡ ਫੇਅਰ ਵਿੱਚ ਮਹਿਲਾ ਉੱਦਮੀਆਂ ਦੀ ਭਾਗੀਦਾਰੀ 'ਤੇ 100% ਸਬਸਿਡੀ ਦਿੱਤੀ ਜਾਂਦੀ ਹੈ, ਜਦਕਿ ਦੂਜੇ ਉੱਦਮੀਆਂ ਲਈ ਇਹ 80% ਹੈ। ਪੀਐੱਮਈਜੀਪੀ ਵਿੱਚ ਪੇਂਡੂ ਖੇਤਰ ਦੀਆਂ ਮਹਿਲਾਵਾਂ ਨੂੰ 35 ਪ੍ਰਤੀਸ਼ਤ ਅਤੇ ਸ਼ਹਿਰੀ ਖੇਤਰ ਦੀਆਂ ਮਹਿਲਾਵਾਂ ਨੂੰ 25 ਪ੍ਰਤੀਸ਼ਤ ਦੀ ਸਬਸਿਡੀ ਦੇਣ ਦਾ ਪ੍ਰਾਵਧਾਨ ਹੈ। ਅਨੁਸੂਚਿਤ ਜਾਤੀ-ਅਨੁਸੂਚਿਤ ਜਨਜਾਤੀ ਦਾ ਵਿਕਾਸ, ਮੰਤਰਾਲੇ ਦੀ ਤਰਜੀਹ ਹੈ। ਅੱਜ ਉਦਯਮ 'ਤੇ 1.24 ਕਰੋੜ ਤੋਂ ਵੱਧ ਐੱਮਐੱਸਐੱਮਈਜ਼, ਅਨੁਸੂਚਿਤ ਜਾਤੀ-ਅਨੁਸੂਚਿਤ ਜਨਜਾਤੀ ਦੇ ਉੱਦਮੀ ਮਾਲਕੀ ਵਿੱਚ ਹਨ। ਰਾਸ਼ਟਰੀ ਅਨੁਸੂਚਿਤ ਜਾਤੀ-ਅਨੁਸੂਚਿਤ ਜਨਜਾਤੀ ਹੱਬ ਸਕੀਮ, ਐੱਮਐੱਸਐੱਮਈ ਮੰਤਰਾਲੇ ਦੀ ਇੱਕ ਕੇਂਦਰੀ ਖੇਤਰ ਦੀ ਯੋਜਨਾ ਹੈ, ਜਿਸ ਨੂੰ 2016 ਵਿੱਚ ਮਾਣਯੋਗ ਪ੍ਰਧਾਨ ਮੰਤਰੀ ਨੇ ਸ਼ੁਰੂ ਕੀਤਾ ਸੀ। ਇਸ ਯੋਜਨਾ ਦਾ ਉਦੇਸ਼ ਅਨੁਸੂਚਿਤ ਜਾਤੀ-ਅਨੁਸੂਚਿਤ ਜਨਜਾਤੀ ਦੇ ਉੱਦਮੀਆਂ ਦੀ ਸਮਰੱਥਾ ਵਧਾਉਣਾ ਅਤੇ ਉਨ੍ਹਾਂ ਦੇ ਵਿਚਕਾਰ 'ਉੱਦਮਤਾ ਸੱਭਿਆਚਾਰ' ਨੂੰ ਹੁਲਾਰਾ ਦੇਣਾ ਹੈ। ਐੱਮਐੱਸਐੱਮਈ ਦੀ ਲਿਕਵਿਡਿਟੀ (ਨਕਦੀ) ਨਾਲ ਜੁੜੀਆਂ ਸਮੱਸਿਆਵਾਂ ਨੂੰ ਹੱਲ ਕਰਨਾ। ਸਾਰੇ ਕੇਂਦਰੀ ਜਨਤਕ ਖੇਤਰ ਦੇ ਉੱਦਮਾਂ (ਸੀਪੀਐੱਸਈ) ਲਈ ਇਹ ਲਾਜ਼ਮੀ ਕੀਤਾ ਗਿਆ ਹੈ ਕਿ ਉਹ ਐੱਮਐੱਸਐੱਮਈ ਤੋਂ ਖਰੀਦ ਲਈ ਇਨਵੌਇਸ ਦਾ ਨਿਪਟਾਰਾ ਟ੍ਰੇਡਸ ਰਾਹੀਂ ਕਰਨ। ਨਾਲ ਹੀ, ਰਾਜ ਸਰਕਾਰਾਂ ਨੂੰ ਵੀ ਆਪਣੇ ਜਨਤਕ ਖੇਤਰ ਦੇ ਅਦਾਰਿਆਂ ਲਈ ਇਸੇ ਤਰ੍ਹਾਂ ਦੇ ਪ੍ਰਾਵਧਾਨ ਅਪਣਾਉਣ ਲਈ ਸਸ਼ਕਤ ਕੀਤਾ ਗਿਆ ਹੈ; ਰਾਜ ਸਰਕਾਰਾਂ ਨੂੰ ਸੂਖਮ ਅਤੇ ਲਘੂ ਉੱਦਮ ਸੁਵਿਧਾ ਪ੍ਰੀਸ਼ਦ (ਐੱਮਐੱਸਈਐੱਫਸੀ) ਦੇ ਢਾਂਚੇ ਨੂੰ ਵਾਜ਼ਬ (ਯੁਕਤੀਸੰਗਤ) ਬਣਾ ਕੇ ਅਤੇ ਵਧੇਰੇ ਐੱਮਐੱਸਈਐੱਫਸੀ ਦੀ ਸਥਾਪਨਾ ਕਰਨ ਦੀ ਸੁਵਿਧਾ ਪ੍ਰਦਾਨ ਕਰਨਾ; ਸੂਖਮ ਅਤੇ ਲਘੂ ਉੱਦਮਾਂ ਦੀ ਪੇਮੈਂਟ ਵਿੱਚ ਦੇਰੀ ਨਾਲ ਜੁੜੇ ਵਿਵਾਦਾਂ ਦੇ ਤੇਜ਼ੀ ਨਾਲ ਨਿਪਟਾਰੇ ਲਈ ਸਮਾਂ-ਸੀਮਾ ਤੈਅ ਕਰਨਾ; ਵਿਚੋਲਗੀ ਨਾਲ ਹੋਏ ਸਮਝੌਤੇ ਜਾਂ ਆਰਬਿਟਰਲ ਅਵਾਰਡ ਦੀ ਵਸੂਲੀ 'ਜ਼ਮੀਨ ਮਾਲੀਏ ਦੇ ਬਕਾਏ' ਦੇ ਰੂਪ ਵਿੱਚ ਵਸੂਲਣ ਦੀ ਵਿਵਸਥਾ ਕਰਨਾ। ਜੇਕਰ ਡਿਕਰੀ, ਅਵਾਰਡ ਜਾਂ ਹੁਕਮ ਨੂੰ ਰੱਦ ਕਰਨ ਦੀ ਅਰਜ਼ੀ ਛੇ ਮਹੀਨਿਆਂ ਤੋਂ ਵੱਧ ਸਮੇਂ ਤੋਂ ਲੰਬਿਤ ਹੈ; ਤਾਂ ਅਦਾਲਤਾਂ ਨੂੰ ਇਹ ਹੁਕਮ ਦੇਣ ਦਾ ਅਧਿਕਾਰ ਦੇਣਾ ਕਿ ਸੂਖਮ ਅਤੇ ਲਘੂ ਉੱਦਮ ਸਪਲਾਇਰਾਂ ਨੂੰ ਦਿੱਤੀ ਗਈ ਰਾਸ਼ੀ ਦਾ ਘੱਟੋ-ਘੱਟ 50 ਪ੍ਰਤੀਸ਼ਤ ਦਾ ਭੁਗਤਾਨ ਕੀਤਾ ਜਾਵੇ; ਕੁਝ ਪ੍ਰਬੰਧਾਂ ਦੀ ਉਲੰਘਣਾ ਨੂੰ ਅਪਰਾਧ ਦੀ ਸ਼?ਰੇਣੀ ਤੋਂ ਹਟਾਉਣਾ ਅਤੇ ਸਜ਼ਾ-ਅਧਾਰਿਤ ਜੁਰਮਾਨਿਆਂ ਦੀ ਜਗ?ਹਾ ਵੱਖ-ਵੱਖ ਪੱਧਰ ਦੀ ਸਜ਼ਾ ਲਾਗੂ ਕਰਨਾ, ਜਿਸ ਵਿੱਚ ਪਹਿਲੀ ਵਾਰ ਉਲੰਘਣਾ ਲਈ ਚੇਤਾਵਨੀ ਦੇਣਾ ਵੀ ਸ਼ਾਮਲ ਹੈ। ਇਹ ਸੋਧ ਹਿਤਧਾਰਕਾਂ ਦੇ ਨਾਲ ਵਿਆਪਕ ਵਿਚਾਰ-ਵਟਾਂਦਰੇ ਅਤੇ ਸਬੰਧਿਤ ਮੁੱਦਿਆਂ ਦੀ ਸਾਵਧਾਨੀਪੂਰਵਕ ਜਾਂਚ ਤੋਂ ਬਾਅਦ ਕੀਤੀ ਗਈ ਹੈ। ਸਮਾਵੇਸ਼ੀ, ਟਿਕਾਊ ਅਤੇ ਰੁਜ਼ਗਾਰ-ਪ੍ਰਧਾਨ ਆਰਥਿਕ ਵਿਕਾਸ ਹਾਸਲ ਕਰਨ ਲਈ ਇੱਕ ਮਜ਼ਬੂਤ ਐੱਮਐੱਸਐੱਮਈ ਸੈਕਟਰ ਲਾਜ਼ਮੀ ਹੈ। ਇਹ ਸੋਧ 'ਵਿਕਸਿਤ ਭਾਰਤ 2047' ਦੇ ਵਿਜ਼ਨ ਪ੍ਰਤੀ ਸਰਕਾਰ ਦੀ ਵਚਨਬੱਧਤਾ ਦੇ ਅਨੁਸਾਰ ਹੈ। ਇਸ ਨਾਲ ਉੱਦਮਾਂ ਦੇ ਰਸਮੀਕਰਣ ਨੂੰ ਹੁਲਾਰਾ ਮਿਲੇਗਾ, ਉਨ੍ਹਾਂ ਦੇ ਵਿਸਥਾਰ ਦਾ ਮਾਰਗ ਪੱਧਰਾ ਹੋਵੇਗਾ ਅਤੇ ਉਹ ਵਿਕਾਸ ਦੇ 'ਚੈਂਪੀਅਨ' ਬਣ ਸਕਣਗੇ।

**(ਲੇਖਿਕਾ ਕੇਂਦਰੀ ਸੂਖਮ, ਲਘੂ ਅਤੇ ਦਰਮਿਆਨੇ ਉੱਦਮ ਅਤੇ ਕਿਰਤ ਅਤੇ ਰੁਜ਼ਗਾਰ ਮੰਤਰਾਲੇ ਵਿੱਚ ਰਾਜ ਮੰਤਰੀ ਹਨ।)**

# ਡਬਲਿਊਟੀਓ ਵਿੱਚ ਭਾਰਤ ਦੀ ਵਪਾਰ ਨੀਤੀ ਦੀ ਸਮੀਖਿਆ: ਭਾਰਤ ਦੀ ਤਰੱਕੀ 'ਤੇ ਧਿਆਨ ਦਿੰਦੀ ਦੁਨੀਆ

ਜ਼ਿਕਰ ਪੰਜਾਬ

ਪਾਰਦਰਸ਼ਤਾ ਬਣਾਈ ਰੱਖਣਾ ਵਿਸ਼ਵ ਵਪਾਰ ਸੰਗਠਨ (ਡਬਲਿਊਟੀਓ) ਦਾ ਇੱਕ ਸੰਸਥਾਗਤ ਕੰਮ ਹੈ ਅਤੇ ਵਪਾਰ ਨੀਤੀ ਸਮੀਖਿਆ (ਟੀਪੀਆਰ) ਇਸ ਦੇ ਵੱਖ-ਵੱਖ ਢੰਗ-ਤਰੀਕਿਆਂ ਵਿੱਚੋਂ ਇੱਕ ਹੈ। ਇਹ ਸਮੇਂ-ਸਮੇਂ 'ਤੇ ਹੋਣ ਵਾਲੀ ਇੱਕ ਸ਼ਾਨਦਾਰ ਸਹਿਕਰਮੀ ਸਮੀਖਿਆ ਪ੍ਰਕਿਰਿਆ ਹੈ, ਜਿਸ ਵਿੱਚ ਸਕੱਤਰੇਤ ਕਿਸੇ ਮੈਂਬਰ ਦੇਸ਼ ਦੀਆਂ ਵਪਾਰ ਨੀਤੀਆਂ ਅਤੇ ਪ੍ਰਥਾਵਾਂ ਦਾ ਵਿਸਥਾਰ ਨਾਲ ਅਧਿਐਨ ਕਰਦਾ ਹੈ, ਜਿਸ ਵਿੱਚ ਵਿਆਪਕ ਆਰਥਿਕ ਸਥਿਤੀਆਂ ਵੀ ਸ਼ਾਮਲ ਹੁੰਦੀਆਂ ਹਨ ਅਤੇ ਮੈਂਬਰ ਸਮੁੱਚੀ ਪ੍ਰਕਿਰਿਆ ਦੌਰਾਨ ਸੋਚ-ਵਿਚਾਰ ਨਾਲ, ਸਟੀਕ ਅਤੇ ਅਕਸਰ ਆਲੋਚਨਾਤਮਕ ਸਵਾਲ ਪੁੱਛਦੇ ਹਨ। ਜੁਲਾਈ 2026 ਦੇ ਅੰਤ ਵਿੱਚ, ਭਾਰਤ ਨੇ ਡਬਲਿਊਟੀਓ ਵਿੱਚ ਆਪਣੀ ਅੱਠਵੀਂ ਟੀਪੀਆਰ ਮੁਕੰਮਲ ਕੀਤੀ। ਇਹ ਇੱਕ ਅਜਿਹੀ ਪ੍ਰਕਿਰਿਆ ਸੀ, ਜਿਸ ਲਈ ਕਈ ਮਹੀਨਿਆਂ ਤੋਂ ਤਿਆਰੀ ਕੀਤੀ ਜਾ ਰਹੀ ਸੀ। ਇਨ੍ਹਾਂ ਤਿਆਰੀਆਂ ਵਿੱਚ ਸਕੱਤਰੇਤ ਦੇ ਅਧਿਕਾਰੀਆਂ ਦਾ ਦੌਰਾ, ਵਫ਼ਦਾਂ ਵੱਲੋਂ 1,100 ਤੋਂ ਵੱਧ ਸਵਾਲ ਪੁੱਛੇ ਜਾਣਾ, ਵਿਚਾਰਾਂ ਦਾ ਆਦਾਨ-ਪ੍ਰਦਾਨ ਆਦਿ ਸ਼ਾਮਲ ਸੀ। ਭਾਰਤ ਨੇ ਅੰਤਰ-ਵਿਭਾਗੀ ਅਤੇ ਬਹੁ-ਹਿੱਤਧਾਰਕ ਸੰਵਾਦ ਰਾਹੀਂ ਇਨ੍ਹਾਂ ਸਵਾਲਾਂ ਅਤੇ ਸਪਸ਼ਟੀਕਰਨਾਂ ਦੇ ਜਵਾਬ ਦਿੱਤੇ। ਇਹ ਭਾਰਤ ਲਈ ਮੈਂਬਰ ਦੇਸ਼ਾਂ ਸਾਹਮਣੇ ਆਪਣੇ ਆਰਥਿਕ ਅਤੇ ਵਿਕਾਸ ਦੇ ਦ੍ਰਿਸ਼ਟੀਕੋਣ ਦੀ ਵਿਆਖਿਆ ਕਰਨ ਅਤੇ ਇਹ ਦੱਸਣ ਦਾ ਇੱਕ ਮੌਕਾ ਸੀ ਕਿ ਭਾਰਤ ਆਲਮੀ ਦੌਲਤ ਅਤੇ ਖੁਸ਼ਹਾਲੀ ਵਿੱਚ ਕਿਵੇਂ ਯੋਗਦਾਨ ਪਾ ਸਕਦਾ ਹੈ। ਭਾਰਤ ਦੀ ਪਿਛਲੀ ਵਪਾਰ ਨੀਤੀ ਸਮੀਖਿਆ ਕੋਵਿਡ-19 ਮਹਾਮਾਰੀ ਦੇ ਪਿਛੋਕੜ ਵਿੱਚ 2021 ਵਿੱਚ ਹੋਈ ਸੀ। ਹਾਲਾਂਕਿ ਸਿਹਤ ਸੰਕਟ ਨੂੰ ਕਾਬੂ ਕਰ ਲਿਆ ਗਿਆ ਹੈ, ਪਰ ਆਰਥਿਕ ਕਮਜ਼ੋਰੀਆਂ ਅਤੇ ਊਰਜਾ ਸਰੋਤਾਂ ਸਮੇਤ ਜ਼ਰੂਰੀ ਸਪਲਾਈ ਦੀ ਗੰਭੀਰ ਘਾਟ ਵਰਗੀਆਂ ਸਮੱਸਿਆਵਾਂ ਹਾਲ ਦੇ ਦਿਨਾਂ ਵਿੱਚ ਵਧੀਆਂ ਹਨ। ਦੁਨੀਆ ਮਹਾਮਾਰੀ ਦੇ ਸੰਕਟ ਤੋਂ ਉਭਰ ਗਈ ਹੈ, ਪਰ ਸਪਲਾਈ ਲੜੀ ਵਿੱਚ ਪੈਦਾ ਹੋਈਆਂ ਰੁਕਾਵਟਾਂ ਨੇ ਨਵੀਆਂ ਚੁਣੌਤੀਆਂ ਸਾਹਮਣੇ ਲਿਆਂਦੀਆਂ ਹਨ। ਅਜਿਹੇ ਮਾਹੌਲ ਵਿੱਚ, ਅੱਠਵੀਂ ਸਮੀਖਿਆ ਨੇ ਇੱਕ ਬਹੁਤ ਹੀ ਸਕਾਰਾਤਮਕ ਤਸਵੀਰ ਪੇਸ਼ ਕੀਤੀ: ਭਾਰਤ ਵੱਡੀਆਂ ਅਰਥਵਿਵਸਥਾਵਾਂ ਵਿੱਚ ਸਭ ਤੋਂ ਤੇਜ਼ੀ ਨਾਲ ਵਧਣ ਵਾਲੀਆਂ ਅਰਥਵਿਵਸਥਾਵਾਂ ਵਿੱਚੋਂ ਇੱਕ ਬਣ ਕੇ ਉਭਰਿਆ ਹੈ, ਇਸ ਨੇ ਵਿਸ਼ਵ ਵਪਾਰ ਵਿੱਚ ਆਪਣੀ ਮੌਜੂਦਗੀ ਵਧਾਈ ਹੈ ਅਤੇ ਇਸ ਨੂੰ ਤੇਜ਼ੀ ਨਾਲ ਇੱਕ ਮਹੱਤਵਪੂਰਨ ਵਪਾਰਕ ਭਾਈਵਾਲ ਵਜੋਂ ਦੇਖਿਆ ਜਾ ਰਿਹਾ ਹੈ। ਡਬਲਿਊਟੀਓ ਦੇ ਮੈਂਬਰਾਂ ਨੇ ਵਿਕਸਿਤ ਭਾਰਤ02047 ਦੀ ਦਿਸ਼ਾ ਵਿੱਚ ਭਾਰਤ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਸਵੀਕਾਰ ਕੀਤਾ ਕਿ ਭਾਰਤ ਦੀ ਮਜ਼ਬੂਤ ਅਤੇ ਨਿਰੰਤਰ ਆਰਥਿਕ ਵਿਕਾਸ ਦਰ, ਦੁਨੀਆ ਨਾਲ ਵਧ ਰਹੇ ਡੂੰਘੇ ਸਬੰਧ ਅਤੇ ਤੇਜ਼ੀ ਨਾਲ ਹੋਇਆ ਡਿਜੀਟਲ ਬਦਲਾਅ ਮਿਲ ਕੇ 2047 ਤੱਕ ਇੱਕ ਵਿਕਸਿਤ ਰਾਸ਼ਟਰ ਬਣਨ ਦੇ ਉਸ ਦੇ ਦ੍ਰਿਸ਼ਟੀਕੋਣ ਵੱਲ ਲਗਾਤਾਰ ਤਰੱਕੀ ਨੂੰ ਦਰਸਾਉਂਦੇ ਹਨ। ਇਸ ਸਾਲ ਦੀ ਸਮੀਖਿਆ ਦੀ ਗੰਭੀਰਤਾ ਹੀ ਬਹੁਤ ਕੁਝ ਦੱਸਣ ਵਾਲੀ ਹੈ। ਇਸ ਸਮੀਖਿਆ ਦੌਰਾਨ ਡਬਲਿਊਟੀਓ ਦੇ ਮੈਂਬਰਾਂ ਨੇ ਸਾਰੇ ਖੇਤਰਾਂ ਬਾਰੇ ਅਸਾਧਾਰਣ ਤੌਰ 'ਤੇ ਵਿਆਪਕ ਅਤੇ ਲਗਾਤਾਰ ਸੰਵਾਦ ਕੀਤਾ, ਜੋ ਭਾਰਤ ਦੀਆਂ ਵਪਾਰਕ, ਨਿਯਮਕ ਅਤੇ ਵਿਆਪਕ ਆਰਥਿਕ ਨੀਤੀਆਂ ਪ੍ਰਤੀ ਉਨ੍ਹਾਂ ਦੀ ਦਿਲਚਸਪੀ ਨੂੰ ਦਰਸਾਉਂਦਾ ਹੈ। ਮੈਂਬਰਾਂ ਨੇ ਵੱਡੇ ਪੱਧਰ 'ਤੇ ਭਾਰਤ ਦੀ ਆਰਥਿਕ ਮਜ਼ਬੂਤੀ ਅਤੇ ਬਹੁਪੱਖੀ ਵਪਾਰ ਪ੍ਰਣਾਲੀ ਨਾਲ ਉਸ ਦੀ ਰਚਨਾਤਮਕ ਭਾਈਵਾਲੀ ਦੀ ਸ਼ਲਾਘਾ ਕੀਤੀ। ਇਸ ਦੇ ਨਾਲ ਹੀ, ਉਨ੍ਹਾਂ ਨੇ ਡਿਜੀਟਲ ਨਵੀਨਤਾ, ਕਸਟਮ ਅਤੇ ਵਪਾਰ ਸਹੂਲਤ, ਸਟਾਰਟ-ਅੱਪਸ ਅਤੇ ਮੁਕਤ ਵਪਾਰ ਸਮਝੌਤਿਆਂ ਵਰਗੀਆਂ ਉਪਲਬਧੀਆਂ ਦਾ ਵੀ ਜ਼ਿਕਰ ਕੀਤਾ। ਇਸ ਲਈ, ਇਸ ਪ੍ਰਕਿਰਿਆ ਵਿੱਚ ਸ਼ਾਮਲ ਹੋਣ ਵਾਲਿਆਂ ਦੀ ਗਿਣਤੀ ਸਿਰਫ਼ ਬਾਰੀਕੀ ਨਾਲ ਜਾਂਚ-ਪਰਖ ਦਾ ਪੈਮਾਨਾ ਨਹੀਂ ਹੈ; ਇਹ ਇਸ ਗੱਲ ਦਾ ਵੀ ਸੰਕੇਤ ਹੈ ਕਿ ਭਾਰਤ ਦੇ ਆਰਥਿਕ ਬਦਲਾਅ ਵਿੱਚ ਹੁਣ ਦੁਨੀਆ ਵੱਲੋਂ ਕਿੰਨੀ ਦਿਲਚਸਪੀ ਲਈ ਜਾ ਰਹੀ ਹੈ। ਇਹ ਬਦਲਾਅ ਅੰਕੜਿਆਂ ਵਿੱਚ ਸਪੱਸ਼ਟ ਤੌਰ 'ਤੇ ਦਿਖਾਈ ਦਿੰਦਾ ਹੈ। 2021-22 ਅਤੇ 2025-26 ਦਰਮਿਆਨ ਭਾਰਤ ਦੀ ਅਰਥਵਿਵਸਥਾ ਦੀ ਸਾਲਾਨਾ ਔਸਤ ਵਿਕਾਸ ਦਰ ਲਗਭਗ 8 ਫੀਸਦੀ ਰਹੀ। 2025-26 ਵਿੱਚ ਕੁੱਲ ਨਿਰਯਾਤ ਰਿਕਾਰਡ 863 ਅਰਬ ਡਾਲਰ ਤੱਕ ਪਹੁੰਚ ਗਿਆ, ਜਿਸ ਵਿੱਚ 441.8 ਅਰਬ ਡਾਲਰ ਦਾ ਵਸਤੂ ਨਿਰਯਾਤ ਅਤੇ 421.3 ਅਰਬ ਡਾਲਰ ਦਾ ਸੇਵਾ ਨਿਰਯਾਤ ਸ਼ਾਮਲ ਹੈ। ਕਈ ਮੈਂਬਰਾਂ ਨੇ ਭਾਰਤ ਵਿੱਚ ਡਿਜੀਟਲ ਤੌਰ 'ਤੇ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੇ ਖੇਤਰ ਵਿੱਚ ਹੋਈ ਸ਼ਾਨਦਾਰ ਤਰੱਕੀ 'ਤੇ ਜ਼ੋਰ ਦਿੱਤਾ। 7ਵੀਂ ਟੀਪੀਆਰ ਤੋਂ ਬਾਅਦ ਦੀ ਮਿਆਦ ਵਿੱਚ ਭਾਰਤ ਦੇ ਕਈ ਮਹੱਤਵਪੂਰਨ ਖੇਤਰਾਂ ਵਿੱਚ ਮਜ਼ਬੂਤੀ ਸਥਾਪਿਤ ਕਰਨ ਦੀ ਸਪੱਸ਼ਟ ਦਿਸ਼ਾ ਨਜ਼ਰ ਆਉਂਦੀ ਹੈ। ਇਸ ਦੇ ਨਾਲ ਹੀ, ਦੇਸ਼ ਨੇ ਵਪਾਰਕ ਭਾਈਵਾਲਾਂ ਨੂੰ ਭਾਰਤ ਦੀ ਵਿਕਾਸ ਗਾਥਾ ਦਾ ਹਿੱਸਾ ਬਣਨ ਦਾ ਬੇਮਿਸਾਲ ਮੌਕਾ ਵੀ ਦਿੱਤਾ। ਸਮੀਖਿਆ ਦੀ ਮਿਆਦ ਦੌਰਾਨ, ਭਾਰਤ ਨੇ ਆਪਣੀ ਗਤੀ ਮੁੜ ਹਾਸਲ ਕੀਤੀ ਅਤੇ ਆਲਮੀ ਬਾਜ਼ਾਰਾਂ ਲਈ ਵਸਤੂਆਂ ਅਤੇ ਸੇਵਾਵਾਂ ਦੇ ਇੱਕ ਮਹੱਤਵਪੂਰਨ ਸਰੋਤ ਵਜੋਂ ਆਪਣੀ ਸਥਿਤੀ ਮਜ਼ਬੂਤ ਕੀਤੀ।



ਸ਼੍ਰੀ ਰਾਜੇਸ਼ ਅਗਰਵਾਲ

ਭਾਰਤ ਦੀ ਵਪਾਰ ਨੀਤੀ ਹੁਣ ਬਾਹਰੀ ਦੁਨੀਆ 'ਤੇ ਵਧੇਰੇ ਕੇਂਦਰਿਤ ਹੋ ਗਈ ਹੈ ਅਤੇ ਵਿਕਸਿਤ ਅਤੇ ਵਿਕਾਸਸ਼ੀਲ ਅਰਥਵਿਵਸਥਾਵਾਂ ਨਾਲ ਮੁਕਤ ਵਪਾਰ ਸਮਝੌਤਿਆਂ ਦਾ ਦਾਇਰਾ ਵਧ ਰਿਹਾ ਹੈ—ਇਹ ਜਾਂ ਤਾਂ ਇਹ ਲਾਗੂ ਹੋ ਚੁੱਕੇ ਹਨ ਜਾਂ ਇਨ੍ਹਾਂ 'ਤੇ ਗੱਲਬਾਤ ਚੱਲ ਰਹੀ ਹੈ। ਇਹ ਵਿਸਥਾਰ ਭਾਈਵਾਲੀ ਵਿੱਚ ਵਿਭਿੰਨਤਾ ਲਿਆਉਣ ਅਤੇ ਭਾਰਤੀ ਵਸਤੂਆਂ ਅਤੇ ਸੇਵਾਵਾਂ ਲਈ ਬਾਜ਼ਾਰ ਤੱਕ ਬਿਹਤਰ ਪਹੁੰਚ ਯਕੀਨੀ ਬਣਾਉਣ ਦੀਆਂ ਕੋਸ਼ਿਸ਼ਾਂ ਨੂੰ ਦਰਸਾਉਂਦਾ ਹੈ। ਇਸ ਦੇ ਨਾਲ ਹੀ, ਜਿਵੇਂ ਟੀਪੀਆਰ ਚਰਚਾਵਾਂ ਵਿੱਚ ਉਜਾਗਰ ਕੀਤਾ ਗਿਆ ਸੀ, ਐੱਫਟੀਏ ਵਿੱਚ ਭਾਰਤ ਦੀ ਭਾਗੀਦਾਰੀ ਡਬਲਿਊਟੀਓ ਵਿੱਚ ਬਹੁਪੱਖੀ ਵਪਾਰ ਪ੍ਰਣਾਲੀ ਪ੍ਰਤੀ ਉਸ ਦੀ ਲਗਾਤਾਰ ਅਤੇ ਸਪੱਸ਼ਟ ਵਚਨਬੱਧਤਾ ਦੇ ਨਾਲ-ਨਾਲ ਜਾਰੀ ਹੈ। ਟੀਪੀਆਰ ਇਹ ਵੀ ਦਰਸਾਉਂਦਾ ਹੈ ਕਿ ਵਧੇਰੇ ਖੁੱਲ੍ਹੇਪਣ ਨੂੰ ਅਪਣਾਉਣ ਦਾ ਮਤਲਬ ਭਾਰਤ ਦੇ ਜਾਇਜ਼ ਜਨਤਕ ਨੀਤੀਗਤ ਹਿੱਤਾਂ ਨੂੰ ਛੱਡ ਦੇਣਾ ਨਹੀਂ ਹੈ। ਭਾਰਤ ਨੇ ਮੈਂਬਰਾਂ ਨੂੰ ਭਰੋਸਾ ਦਿਵਾਇਆ ਕਿ ਆਲਮੀ ਬਾਜ਼ਾਰਾਂ ਨਾਲ ਏਕੀਕ੍ਰਿਤ ਹੋਣ ਦਾ ਉਸ ਦਾ ਦ੍ਰਿਸ਼ਟੀਕੋਣ ਆਪਣੀਆਂ ਵਿਸ਼ੇਸ਼ ਵਿਕਾਸ ਹਕੀਕਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਨੀਤੀਆਂ ਨਾਲ ਸੰਤੁਲਿਤ ਰਹੇਗਾ। ਇਹ ਖ਼ਾਸ ਤੌਰ 'ਤੇ ਖੇਤੀਬਾੜੀ ਵਿੱਚ ਸਪੱਸ਼ਟ ਤੌਰ 'ਤੇ ਦਿਖਾਈ ਦਿੰਦਾ ਹੈ, ਜਿੱਥੇ ਭਾਰਤ ਨੇ ਕਿਸਾਨਾਂ ਦੀ ਰੋਜ਼ੀ-ਰੋਟੀ ਦੀ ਸੁਰੱਖਿਆ ਅਤੇ ਖੁਰਾਕ ਸੁਰੱਖਿਆ ਯਕੀਨੀ ਬਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਗੁਣਵੱਤਾ ਨਿਯੰਤਰਣ ਹੁਕਮਾਂ ਅਤੇ ਤਕਨੀਕੀ ਨਿਯਮਾਂ ਨਾਲ ਸਬੰਧਤ ਮੁੱਦਿਆਂ 'ਤੇ, ਭਾਰਤ ਨੇ ਪਾਰਦਰਸ਼ਤਾ, ਹਿੱਤਧਾਰਕਾਂ ਨਾਲ ਸਲਾਹ-ਮਸ਼ਵਰੇ ਅਤੇ ਡਬਲਿਊਟੀਓ ਦੇ ਨਿਯਮਾਂ ਦੀ ਪਾਲਣਾ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ ਅਤੇ ਇਸ ਸਬੰਧ ਵਿੱਚ ਮੈਂਬਰਾਂ ਨੂੰ ਸਪੱਸ਼ਟ ਜਾਣਕਾਰੀ ਦਿੱਤੀ। ਇਹ ਦ੍ਰਿਸ਼ਟੀਕੋਣ ਅਜਿਹੇ ਸਮੇਂ ਵਿੱਚ ਵਿਸ਼ੇਸ਼ ਮਹੱਤਵ ਰੱਖਦਾ ਹੈ, ਜਦੋਂ ਇਕਪਾਸੜ ਕਦਮਾਂ, ਸਪਲਾਈ ਲੜੀ ਵਿੱਚ ਰੁਕਾਵਟਾਂ ਅਤੇ ਭੂ-ਰਾਜਨੀਤਿਕ ਤਣਾਅ ਨੇ ਆਲਮੀ ਵਪਾਰ ਪ੍ਰਣਾਲੀ ਵਿੱਚ ਭਰੋਸੇ ਨੂੰ ਕਮਜ਼ੋਰ ਕੀਤਾ ਹੈ। ਇਸ ਲਈ, ਡਬਲਿਊਟੀਓ ਨੂੰ ਕੇਂਦਰ ਵਿੱਚ ਰੱਖਦੇ ਹੋਏ ਇੱਕ ਅਨੁਮਾਨਯੋਗ, ਨਿਯਮ-ਅਧਾਰਿਤ ਅਤੇ ਵਿਕਾਸ-ਮੁਖੀ ਬਹੁਪੱਖੀ ਵਪਾਰ ਪ੍ਰਣਾਲੀ ਪ੍ਰਤੀ ਭਾਰਤ ਦੀ ਵਚਨਬੱਧਤਾ ਦਾ ਵਿਸ਼ੇਸ਼ ਮਹੱਤਵ ਹੈ, ਜੋ ਇਸ ਦੇ ਵਪਾਰਕ ਹਿੱਤਾਂ ਤੋਂ ਕਿਤੇ ਵਧੇਰੇ ਮਹੱਤਵ ਰੱਖਦੀ ਹੈ। ਜਿਵੇਂ ਕਿ ਭਾਰਤ ਦੀ ਵਪਾਰ ਨੀਤੀ ਸਮੀਖਿਆ ਦਾ ਪ੍ਰਧਾਨ ਨੇ ਆਪਣੇ ਸਮਾਪਤੀ ਭਾਸ਼ਣ ਵਿੱਚ ਜ਼ਿਕਰ ਕੀਤਾ, ਭਾਰਤ ਦੇ ਵਫ਼ਦ ਨੇ ਉਸ ਮਹੱਤਵ ਨੂੰ ਦਰਸਾਇਆ ਹੈ, ਜੋ ਦੇਸ਼ ਟੀਪੀਆਰ ਪ੍ਰਣਾਲੀ ਅਤੇ ਬਹੁਪੱਖੀ ਵਪਾਰ ਪ੍ਰਣਾਲੀ ਨੂੰ ਦਿੰਦਾ ਹੈ। ਇਸ ਤਰ੍ਹਾਂ, ਅੱਠਵੀਂ ਟੀਪੀਆਰ ਇੱਕ ਵਿਆਪਕ ਸੁਨੇਹਾ ਦਿੰਦੀ ਹੈ: ਭਾਰਤ ਦੁਨੀਆ ਤੋਂ ਮੂੰਹ ਮੋੜਨ ਵਾਲਾ ਮੈਂਬਰ ਨਹੀਂ ਹੈ। ਇਹ ਇੱਕ ਅਜਿਹੀ ਅਰਥਵਿਵਸਥਾ ਹੈ, ਜੋ ਤਰੱਕੀ ਨੂੰ ਅਪਣਾਉਣ ਅਤੇ ਆਲਮੀ ਵਪਾਰ ਪ੍ਰਣਾਲੀ ਨਾਲ ਡੂੰਘਾਈ ਨਾਲ ਏਕੀਕ੍ਰਿਤ ਹੋਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਦੇ ਨਾਲ ਹੀ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਇਹ ਏਕੀਕਰਨ ਉਸ ਦੀਆਂ ਵਿਕਾਸ ਤਰਜੀਹਾਂ, ਘਰੇਲੂ ਸਮਰੱਥਾਵਾਂ ਅਤੇ ਰਾਸ਼ਟਰੀ ਹਿੱਤਾਂ ਦੇ ਅਨੁਕੂਲ ਬਣਿਆ ਰਹੇ।

**(ਲੇਖਕ ਭਾਰਤ ਸਰਕਾਰ ਦੇ ਵਣਜ ਅਤੇ ਉਦਯੋਗ ਮੰਤਰਾਲੇ ਦੇ ਵਣਜ ਵਿਭਾਗ ਵਿੱਚ ਸਕੱਤਰ ਹਨ।)**



# ਵਿਧਾਇਕ ਗਿਆਸਪੁਰਾ ਨੇ ਪਾਇਲ ਹਲਕੇ 'ਚ 28 ਨਵ-ਨਿਯੁਕਤ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਨਿਯੁਕਤੀ ਪੱਤਰ ਵੰਡੇ

ਜ਼ਿਕਰ ਪੰਜਾਬ

**ਪਾਇਲ/ਡੀ.ਪੀ.ਆਰ**

ਹਲਕਾ ਪਾਇਲ ਦੇ ਲੋਕਾਂ ਲਈ ਰੁਜ਼ਗਾਰ ਦੇ ਖੇਤਰ ਵਿੱਚ ਉਸ ਸਮੇਂ ਖੁਸ਼ੀ ਦਾ ਮਾਹੌਲ ਬਣ ਗਿਆ, ਜਦੋਂ ਦਾਣਾ ਮੰਡੀ ਪਾਇਲ ਵਿਖੇ ਕਰਵਾਏ ਗਏ ਵਿਸ਼ੇਸ਼ ਸਮਾਗਮ ਦੌਰਾਨ 12 ਨਵ-ਨਿਯੁਕਤ ਆਂਗਣਵਾੜੀ ਵਰਕਰਾਂ ਅਤੇ 16 ਹੈਲਪਰਾਂ ਨੂੰ ਨਿਯੁਕਤੀ ਪੱਤਰ ਸੌਂਪੇ ਗਏ। ਇਹ ਨਿਯੁਕਤੀ ਪੱਤਰ ਆਮ ਆਦਮੀ ਪਾਰਟੀ ਦੇ ਵਿਧਾਇਕ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਵੱਲੋਂ ਨਵ-ਨਿਯੁਕਤ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸੌਂਪੇ ਗਏ। ਨਿਯੁਕਤੀ ਪੱਤਰ ਮਿਲਣ ਮੌਕੇ ਮੁਲਾਜ਼ਮਾਂ ਦੇ ਨਾਲ-ਨਾਲ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵਿੱਚ ਵੀ ਖੁਸ਼ੀ ਦੀ ਲਹਿਰ ਵੇਖਣ ਨੂੰ ਮਿਲੀ। ਇਸ ਮੌਕੇ ਗੱਲਬਾਤ ਕਰਦਿਆਂ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਨੌਜਵਾਨਾਂ ਨੂੰ ਯੋਗਤਾ ਦੇ ਆਧਾਰ 'ਤੇ ਰੁਜ਼ਗਾਰ ਦੇਣ ਦੀ ਨੀਤੀ ਤਹਿਤ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਹੁਣ ਤੱਕ 70 ਹਜ਼ਾਰ ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ, ਜੋ ਪੰਜਾਬ ਦੇ ਨੌਜਵਾਨਾਂ ਲਈ ਵੱਡੀ ਪ੍ਰਾਪਤੀ ਹੈ। ਵਿਧਾਇਕ ਗਿਆਸਪੁਰਾ ਨੇ ਕਿਹਾ ਕਿ ਹਲਕਾ ਪਾਇਲ ਦੇ ਨੌਜਵਾਨਾਂ ਨੂੰ ਹੁਣ ਤੱਕ ਲਗਭਗ 1250 ਸਰਕਾਰੀ ਨੌਕਰੀਆਂ ਮਿਲ ਚੁੱਕੀਆਂ ਹਨ। ਗਿਆਸਪੁਰਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਮੁਕਾਬਲੇ ਮੌਜੂਦਾ ਸਰਕਾਰ ਦੇ ਕਾਰਜਕਾਲ ਦੌਰਾਨ ਸਰਕਾਰੀ ਭਰਤੀ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਨੂੰ ਪਹਿਲ ਦਿੱਤੀ ਗਈ ਹੈ। ਉਨ੍ਹਾਂ ਪਿਛਲੀ ਕਾਂਗਰਸ ਸਰਕਾਰ 'ਤੇ ਸਿਆਸੀ ਹਮਲਾ ਕਰਦਿਆਂ ਦਾਅਵਾ ਕੀਤਾ ਕਿ ਕਾਂਗਰਸ ਦੇ ਪੰਜ ਸਾਲ ਦੇ ਕਾਰਜਕਾਲ ਦੌਰਾਨ ਆਮ ਲੋਕਾਂ ਦੇ ਬੱਚਿਆਂ ਲਈ ਸਰਕਾਰੀ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ ਗਿਆ। ਉਨ੍ਹਾਂ ਸਾਬਕਾ ਵਿਧਾਇਕ ਲਖਬੀਰ ਸਿੰਘ ਲੱਖਾ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਉਹ ਆਪਣੇ ਕਾਰਜਕਾਲ ਦੌਰਾਨ ਦਿੱਤੀਆਂ ਸਰਕਾਰੀ ਨੌਕਰੀਆਂ ਦਾ ਰਿਕਾਰਡ ਜਨਤਕ ਕਰਨ। ਗਿਆਸਪੁਰਾ ਨੇ ਕੋਟਲੀ ਪਰਿਵਾਰ 'ਤੇ ਵੀ ਨਿਸ਼ਾਨਾ ਸਾਧਦਿਆਂ ਦੋਸ਼ ਲਾਇਆ ਕਿ ਪਿਛਲੀਆਂ ਸਰਕਾਰਾਂ ਦੌਰਾਨ ਆਮ ਪਰਿਵਾਰਾਂ ਦੇ ਨੌਜਵਾਨਾਂ ਦੀ ਬਜਾਏ ਸਿਆਸੀ ਤੌਰ 'ਤੇ ਪ੍ਰਭਾਵਸ਼ਾਲੀ ਪਰਿਵਾਰਾਂ ਨੂੰ ਤਰਜੀਹ ਮਿਲਦੀ ਰਹੀ। ਕਾਂਗਰਸ ਨੇ ਸਿਰਫ਼ ਕੋਟਲੀ ਪਰਿਵਾਰ ਦੇ ਪੁੱਤ ਨੂੰ ਡੀ.ਐਸ.ਪੀ ਲਾਇਆ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਵਿੱਚ ਭਰਤੀ ਪ੍ਰਕਿਰਿਆ ਨੂੰ ਯੋਗਤਾ ਅਤੇ ਪਾਰਦਰਸ਼ਤਾ ਨਾਲ ਅੱਗੇ ਵਧਾਇਆ ਜਾ ਰਿਹਾ ਹੈ। ਅਕਾਲੀ ਦਲ ਅਤੇ ਭਾਜਪਾ ਦੇ ਸੰਭਾਵਿਤ ਗਠਜੋੜ ਸਬੰਧੀ ਪੁੱਛੇ ਸਵਾਲ 'ਤੇ ਵਿਧਾਇਕ ਗਿਆਸਪੁਰਾ ਨੇ ਦੋਵਾਂ ਪਾਰਟੀਆਂ 'ਤੇ ਤੰਜ ਕੱਸਿਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਪਿਛਲੀਆਂ ਸਰਕਾਰਾਂ ਦੇ ਕੰਮਕਾਜ ਨੂੰ ਚੰਗੀ ਤਰ੍ਹਾਂ ਦੇਖ ਚੁੱਕੇ ਹਨ ਅਤੇ ਹੁਣ ਉਹ ਵਿਕਾਸ, ਰੁਜ਼ਗਾਰ ਅਤੇ ਲੋਕ ਭਲਾਈ ਦੀ ਰਾਜਨੀਤੀ ਨੂੰ ਤਰਜੀਹ ਦੇ ਰਹੇ ਹਨ। ਉਨ੍ਹਾਂ ਦੋਵਾਂ ਪਾਰਟੀਆਂ ਦੇ ਰਿਸ਼ਤੇ ਨੂੰ 'ਪਤੀ-ਪਤਨੀ' ਵਾਲਾ ਕਰਾਰ ਦਿੰਦਿਆਂ ਕਿਹਾ ਕਿ ਸਿਰਫ਼ ਭੂਮਿਕਾਵਾਂ ਬਦਲੀਆਂ ਹਨ, ਪਰ ਰਿਸ਼ਤਾ ਉਹੀ ਹੈ। ਉਨ੍ਹਾਂ ਤਿੱਖੇ ਸ਼ਬਦਾਂ ਵਿੱਚ ਭਾਜਪਾ ਅਤੇ ਅਕਾਲੀ ਦਲ ਦੀ ਆਲੋਚਨਾ ਵੀ ਕੀਤੀ ਅਤੇ ਕਿਹਾ ਕਿ ਪੰਜਾਬ ਦੇ ਲੋਕ ਇਹਨਾਂ ਨੂੰ ਮੂੰਹ ਨਹੀਂ ਲਾਉਣਗੇ। ਇਸ ਮੌਕੇ ਨਵ-ਨਿਯੁਕਤ ਆਂਗਣਵਾੜੀ ਵਰਕਰ ਨਵਦੀਪ ਕੌਰ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਉਸ ਨੇ ਪੀ.ਐਚ.ਡੀ ਤੱਕ ਉੱਚ ਪੱਧਰੀ ਪੜ੍ਹਾਈ ਕੀਤੀ ਹੈ ਅਤੇ ਪਿਛਲੇ ਸੱਤ-ਅੱਠ ਸਾਲਾਂ ਤੋਂ ਸਰਕਾਰੀ ਨੌਕਰੀ ਲਈ ਲਗਾਤਾਰ ਮਿਹਨਤ ਕਰ ਰਹੀ ਸੀ। ਉਸਨੇ ਕਿਹਾ ਕਿ ਹੁਣ ਉਸ ਨੂੰ ਆਂਗਣਵਾੜੀ ਵਰਕਰ ਵਜੋਂ ਨਿਯੁਕਤੀ ਮਿਲਣ ਨਾਲ ਉਸ ਦਾ ਲੰਬੇ ਸਮੇਂ ਦਾ ਸੁਪਨਾ ਪੂਰਾ ਹੋਇਆ ਹੈ। ਨਵਦੀਪ ਕੌਰ ਨੇ ਦਾਅਵਾ ਕੀਤਾ ਕਿ ਇਸ ਵਾਰ ਨਿਯੁਕਤੀ ਪ੍ਰਕਿਰਿਆ ਪਾਰਦਰਸ਼ੀ ਢੰਗ ਨਾਲ ਹੋਈ ਹੈ ਅਤੇ ਯੋਗ ਉਮੀਦਵਾਰਾਂ ਨੂੰ ਮੌਕਾ ਮਿਲਿਆ ਹੈ। ਸਮਾਗਮ ਵਿੱਚ ਵਿਧਾਇਕ ਗਿਆਸਪੁਰਾ ਦੀ ਪਤਨੀ ਰਮਨਦੀਪ ਕੌਰ ਗਿਆਸਪੁਰਾ, ਆੜਤੀ ਐਸੋਸੀਏਸ਼ਨ ਦੇ ਸੂਬਾ ਮੀਤ ਪ੍ਰਧਾਨ ਅਵਿਨਾਸ਼ਪ੍ਰੀਤ ਸਿੰਘ ਜੱਲਾ, ਐਡਵੋਕੇਟ ਅਭੈ ਸਿੰਘ ਬੈਂਸ, ਨਗਰ ਕੌਂਸਲ ਪਾਇਲ ਦੀ ਪ੍ਰਧਾਨ ਬਲਜਿੰਦਰ ਕੌਰ, ਸੀਨੀਅਰ ਮੀਤ ਪ੍ਰਧਾਨ ਬੂਟਾ ਸਿੰਘ ਰਾਣੋਂ, ਰਾਣਾ ਕੂਨਰ, ਨਗਰ ਕੌਂਸਲ ਦੋਰਾਹਾ ਦੇ ਪ੍ਰਧਾਨ ਅਨਮੋਲ ਸ਼ਰਮਾ ਐਨੀ, ਸਾਬਕਾ ਪ੍ਰਧਾਨ ਸੁਦਰਸ਼ਨ ਕੁਮਾਰ ਪੱਪੂ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਗੁਰਮੀਤ ਸਿੰਘ, ਸੀਡੀਪੀਓ ਹਰਜੀਤ ਕੌਰ ਸਮੇਤ ਹੋਰ ਅਧਿਕਾਰੀ ਅਤੇ ਆਗੂ ਹਾਜ਼ਰ ਸਨ। ਨਵ-ਨਿਯੁਕਤ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੇ ਨਿਯੁਕਤੀ ਪੱਤਰ ਮਿਲਣ 'ਤੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਰਕਾਰੀ ਨੌਕਰੀ ਮਿਲਣ ਨਾਲ ਉਨ੍ਹਾਂ ਦੇ ਪਰਿਵਾਰਾਂ ਨੂੰ ਆਰਥਿਕ ਸਥਿਰਤਾ ਮਿਲੇਗੀ ਅਤੇ ਉਹ ਆਂਗਣਵਾੜੀ ਕੇਂਦਰਾਂ ਰਾਹੀਂ ਬੱਚਿਆਂ ਅਤੇ ਮਹਿਲਾਵਾਂ ਦੀ ਭਲਾਈ ਲਈ ਆਪਣੀਆਂ ਸੇਵਾਵਾਂ ਹੋਰ ਸਮਰਪਣ ਨਾਲ ਨਿਭਾਉਣਗੇ।



# ਭਵਨ ਨਿਰਮਾਣ ਕਲਾ ਦੇ ਧੁਰੰਦਰ ਭਾਈ ਰਾਮ ਸਿੰਘ ਦੇ ਜੀਵਨ ਅਤੇ ਕਾਰਜਾਂ ਬਾਰੇ ਪੁਸਤਕ ਲੋਕ ਅਰਪਣ



ਜ਼ਿਕਰ ਪੰਜਾਬ

**ਲੁਧਿਆਣਾ/ਤਮੰਨਾ ਬੇਦੀ**

ਖਾਲਸਾ ਕਾਲਿਜ ਅੰਮ੍ਰਿਤਸਰ ਸਮੇਤ ਕਈ ਪ੍ਰਮੁੱਖ ਇਮਾਰਤਾਂ ਦੇ ਆਰਕੀਟੈਕਟ ਭਾਈ ਰਾਮ ਸਿੰਘ ਦੇ ਜੀਵਨ ਅਤੇ ਭਵਨ ਨਿਰਮਾਣ ਕਾਰਜਾਂ ਬਾਰੇ ਪਾਕਿਸਤਾਨੀ ਲੇਖਕ ਜੋੜੀ ਸਾਜਿਦਾ ਵੰਡਲ ਤੇ ਪਰਵੇਜ਼ ਵੰਡਲ ਦੁਆਰਾ ਰਚਿਤ ਪੁਸਤਕ 'ਦ ਰਾਜ,ਲਾਹੌਰ ਐਂਡ ਭਾਈ ਰਾਮ ਸਿੰਘ' ਦਾ ਭਾਰਤੀ ਐਡੀਸ਼ਨ ਸ਼ਨੀਵਾਰ ਨੂੰ ਰਾਮਗੜ੍ਹੀਆ ਗਰਲਜ਼ ਕਾਲਿਜ ਮਿਲਰ ਗੰਜ ਦੇ ਮਾਤਾ ਤ੍ਰਿਪਤਾ ਜੀ ਹਾਲ ਵਿਖੇ ਹੋਏ ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਲੋਕ ਅਰਪਣ ਕੀਤਾ ਗਿਆ। ਸਮਾਗਮ ਦੇ ਮੁੱਖ ਮਹਿਮਾਨ ਪਦਮ ਵਿਭੂਸ਼ਨ ਡਾ. ਸਰਦਾਰਾ ਸਿੰਘ ਜੌਹਲ, ਨਿਰਮਲ ਅਰਪਨ, ਪ੍ਰੋ. ਗੁਰਭਜਨ ਸਿੰਘ ਗਿੱਲ, ਰਾਮਗੜ੍ਹੀਆ ਵਿਦਿਅਕ ਸੰਸਥਾਵਾਂ ਦੇ ਪ੍ਰਧਾਨ ਰਣਜੋਧ ਸਿੰਘ, ਤੇਜ ਪ੍ਰਕਾਸ਼ ਸਿੰਘ ਸੰਧੂ ਅਤੇ ਸਿੱਖ ਇਤਿਹਾਸਕਾਰ ਪ੍ਰੋ. ਅਨੁਰਾਗ ਸਿੰਘ ਨੇ ਸਾਂਝੇ ਤੌਰ ਤੇ ਪੁਸਤਕ ਨੂੰ ਰਿਲੀਜ਼ ਕਰਨ ਦੀ ਰਸਮ ਅਦਾ ਕੀਤੀ।ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਰਣਜੋਧ ਸਿੰਘ ਨੇ ਦੱਸਿਆ ਕਿ ਪੁਸਤਕ ਦੇ ਭਾਰਤੀ ਐਡੀਸ਼ਨ ਨੂੰ ਸੰਦੀਪ ਸਿੰਘ ਆਰਟਿਸਟ ਅਤੇ ਹਰਦੀਪ ਸਿੰਘ ਆਰਟਿਸਟ ਵੱਲੋਂ ਭਾਈ ਰਾਮ ਸਿੰਘ ਬਾਰੇ ਹੋਰ ਵਧੇਰੇ ਜਾਣਕਾਰੀ ਅਤੇ ਉਹਨਾਂ ਵੱਲੋਂ ਕੀਤੇ ਵੱਡਮੁੱਲੇ ਕੰਮਾਂ ਦੇ ਵੇਰਵੇ ਸਹਿਤ ਖੂਬਸੂਰਤ ਢੰਗ ਨਾਲ ਸੱਚਲ ਪ੍ਰਕਾਸ਼ਨ ਦੇ ਸਹਿਯੋਗ ਨਾਲ ਇੱਕ ਇਤਿਹਾਸਿਕ ਦਸਤਾਵੇਜ਼ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਸੰਦੀਪ ਸਿੰਘ ਆਰਟਿਸਟ ਨੇ ਭਾਈ ਰਾਮ ਸਿੰਘ, ਉਹਨਾਂ ਵੱਲੋਂ ਕੀਤੇ ਗਏ ਆਰਕੀਟੈਕਚਰ ਦੇ ਅਣਮੁੱਲੇ ਨਮੂਨਿਆਂ ਅਤੇ ਪੁਸਤਕ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਸੰਦੀਪ ਸਿੰਘ ਆਰਟਿਸਟ ਨੇ ਇਸ ਪੁਸਤਕ ਦੁਆਰਾ ਸਿਰਫ਼ ਭਾਈ ਰਾਮ ਸਿੰਘ ਦੇ ਕਾਰਜਾਂ ਬਾਰੇ ਹੀ ਦੱਸਣ ਦਾ ਉਪਰਾਲਾ ਨਹੀਂ ਕੀਤਾ ਸਗੋਂ ਸਾਡੀ ਅਣਮੁੱਲੀ ਵਿਰਾਸਤ ਨੂੰ ਸੰਭਾਲਣ ਦਾ ਕਾਰਜ ਵੀ ਕੀਤਾ ਹੈ, ਜਿਸਤੋਂ ਆਉਣ ਵਾਲੀ ਪੀੜ੍ਹੀ ਜਾਣੂੰ ਵੀ ਹੋਵੇਗੀ ਅਤੇ ਉਸਤੋਂ ਪ੍ਰੇਰਨਾ ਵੀ ਲੈ ਸਕੇਗੀ। ਪ੍ਰੋ.ਅਨੁਰਾਗ ਸਿੰਘ ਨੇ ਪੁਸਤਕ ਦੇ ਪ੍ਰਕਾਸ਼ਨ ਨੂੰ ਇਤਿਹਾਸਕ ਦਸਤਾਵੇਜ਼ ਦੱਸਦੇ ਹੋਏ ਇਸਦੇ ਪ੍ਰਕਾਸ਼ਕ ਨੂੰ ਵਧਾਈ ਦਿੱਤੀ। ਇਸ ਮੌਕੇ ਵਿਸ਼ੇਸ਼ ਮਹਿਮਾਨਾਂ ਤੋਂ ਇਲਾਵਾ ਮਨਦੀਪ ਸਿੰਘ ਮੰਨੂ ਆਰਟਿਸਟ ਨੂੰ ਸਨਮਾਨਿਤ ਵੀ ਕੀਤਾ ਗਿਆ। ਕਾਲਜ ਦੀ ਪ੍ਰਿੰਸੀਪਲ ਡਾ. ਅਜੀਤ ਕੌਰ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਾਲਜ ਵੱਲੋਂ ਪੁਸਤਕ ਰਿਲੀਜ਼ ਸਮਾਰੋਹ ਵਿਦਿਆਰਥੀਆਂ ਨੂੰ ਪੁਸਤਕ ਸੱਭਿਆਚਾਰ ਨਾਲ ਜੋੜਨ ਦੇ ਉਦੇਸ਼ ਨਾਲ ਕਰਵਾਏ ਜਾਂਦੇ ਹਨ ਤਾਂ ਕਿ ਉਹ ਆਪਣੀ ਭਾਸ਼ਾ, ਸੱਭਿਆਚਾਰ ਅਤੇ ਵਿਰਾਸਤ ਤੋਂ ਜਾਣੂੰ ਹੋਣ। ਸਮਾਗਮ ਦਾ ਸੰਚਾਲਨ ਪੰਜਾਬੀ ਵਿਭਾਗ ਦੀ ਮੁਖੀ ਡਾ. ਹਰਵਿੰਦਰ ਕੌਰ ਨੇ ਬਹੁਤ ਸੁਚੱਜੇ ਢੰਗ ਨਾਲ ਕੀਤਾ। ਇਸ ਮੌਕੇ ਜਸਪ੍ਰੀਤ ਅਮਲਤਾਸ, ਚਰਨਜੀਤ ਸਿੰਘ, ਦੀਪ ਜਗਦੀਪ ਸਿੰਘ, ਪਰਮਜੀਤ ਸਿੰਘ ਗਰੇਵਾਲ, ਮੀਤ ਅਨਮੋਲ ਵੀ ਹਾਜ਼ਰ ਸਨ।

## ਗਮਾਡਾ ਦੀ ਆਕਸ਼ਨ ਨੂੰ ਮਿਲਿਆ ਭਰਵਾਂ ਹੁੰਗਾਰਾ

# 27 ਪ੍ਰਾਪਰਟੀਆਂ ਤੋਂ ਲਗਭਗ 5400 ਕਰੋੜ ਦਾ ਮਾਲੀਆ ਪ੍ਰਾਪਤ ਹੋਇਆ : ਮੁੰਡੀਆਂ

ਜ਼ਿਕਰ ਪੰਜਾਬ

**ਚੰਡੀਗੜ੍ਹ** : ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ)

**ਨਵੀਆਂ ਅਰਬਨ ਅਸਟੇਟਾਂ ਵਿਕਸਿਤ ਕਰਨ 'ਤੇ ਖ਼ਰਚ ਹੋਵੇਗੀ ਆਮਦਨ: ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ**



ਨੇ ਪ੍ਰਾਪਰਟੀਆਂ ਦੀ ਨਿਲਾਮੀ ਸਬੰਧੀ ਹੁਣ ਤੱਕ ਦੇ ਆਪਣੇ ਸਰਬੋਤਮ ਪ੍ਰਦਰਸ਼ਨ ਵਿੱਚ 27 ਪ੍ਰਾਪਰਟੀਆਂ ਨੂੰ ਸਫ਼ਲਤਾਪੂਰਵਕ ਨਿਲਾਮ ਕਰਕੇ ਕੁੱਲ 5391 ਕਰੋੜ ਦੀ ਆਮਦਨ ਪ੍ਰਾਪਤ ਕੀਤੀ ਹੈ। ਇਸ ਸਬੰਧੀ ਹੋਰ ਜਾਣਕਾਰੀ ਸਾਂਝੀ ਕਰਦਿਆਂ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਪ੍ਰਾਪਰਟੀਆਂ ਹਾਸਲ ਕਰਨ ਲਈ ਬੋਲੀਕਾਰਾਂ ਵਿੱਚ ਹੋਏ ਜ਼ਬਰਦਸਤ ਮੁਕਾਬਲੇ ਕਾਰਨ 20 ਅਗਸਤ, 2026 ਨੂੰ ਖ਼ਤਮ ਹੋਣ ਵਾਲੀ ਨਿਲਾਮੀ 21 ਅਗਸਤ, 2026 ਨੂੰ ਤੜਕੇ ਸਮਾਪਤ ਹੋਈ। ਉਨ੍ਹਾਂ ਦੱਸਿਆ ਕਿ 20 ਜੁਲਾਈ ਨੂੰ ਸ਼ੁਰੂ ਹੋਈ ਇਸ ਨਿਲਾਮੀ ਵਿੱਚ ਕੁੱਲ 36 ਪ੍ਰਾਪਰਟੀਆਂ ਬੋਲੀ ਲਈ ਪੇਸ਼ ਕੀਤੀਆਂ ਗਈਆਂ ਸਨ। ਸ. ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਗਮਾਡਾ ਵੱਲੋਂ ਸਮੇਂ-ਸਮੇਂ 'ਤੇ ਕਰਵਾਈਆਂ ਗਈਆਂ ਆਕਸ਼ਨਾਂ ਨੂੰ ਨਿਵੇਸ਼ਕਾਂ ਦਾ ਭਰਵਾਂ ਹੁੰਗਾਰਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਵੱਡੇ ਨਿਵੇਸ਼ਕਾਂ ਵੱਲੋਂ ਮੋਹਾਲੀ ਵਿੱਚ ਨੇੜ ਭਵਿੱਖ ਵਿੱਚ ਆਪਣੇ ਪ੍ਰਾਜੈਕਟ ਸਥਾਪਤ ਕਰਨ ਨਾਲ ਸ਼ਹਿਰ ਦੀ ਜਿਥੇ ਰਾਸ਼ਟਰੀ ਪੱਧਰ 'ਤੇ ਨਿਵੇਕਲੀ ਪਛਾਣ ਬਣੇਗੀ, ਉਥੇ ਸੂਬੇ ਨੂੰ ਆਰਥਿਕ ਮਜ਼ਬੂਤੀ ਮਿਲੇਗੀ ਅਤੇ ਰੁਜ਼ਗਾਰ ਦੇ ਨਵੇਂ ਸਾਧਨ ਪੈਦਾ ਹੋਣਗੇ। ਸ. ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਨਿਲਾਮੀ ਵਿੱਚ ਪੇਸ਼ ਕੀਤੀਆਂ ਪ੍ਰਾਪਰਟੀਆਂ ਦੀ ਰਾਖਵੀਂ ਕੀਮਤ 3872 ਕਰੋੜ ਰੱਖੀ ਗਈ ਸੀ ਅਤੇ ਇਨ੍ਹਾਂ ਪ੍ਰਾਪਰਟੀਆਂ ਨੂੰ ਨਿਲਾਮ ਕਰਕੇ ਅਥਾਰਟੀ ਨੇ ਕੁੱਲ 5391 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਆਮਦਨ ਗਮਾਡਾ ਦੇ ਅਧਿਕਾਰ-ਖੇਤਰ ਅਧੀਨ ਆਉਂਦੇ ਇਲਾਕੇ ਵਿੱਚ ਨਵੀਆਂ ਅਰਬਨ ਅਸਟੇਟਾਂ ਵਿਕਸਿਤ ਕਰਨ ਉੱਤੇ ਖ਼ਰਚ ਕੀਤੀ ਜਾਵੇਗੀ। ਦੱਸਣਯੋਗ ਹੈ ਕਿ ਨਿਲਾਮ ਕੀਤੀਆਂ ਗਈਆਂ ਪ੍ਰਾਪਰਟੀਆਂ ਵਿੱਚ ਮੋਹਾਲੀ ਦੇ ਵੱਖ-ਵੱਖ ਸੈਕਟਰਾਂ/ਪ੍ਰਾਜੈਕਟਾਂ ਵਿਖੇ ਸਥਿਤ ਮਿਕਸ ਲੈਂਡ ਯੂਜ਼, ਹੋਟਲ, ਹਸਪਤਾਲ ਅਤੇ ਵਪਾਰਕ ਸਾਈਟਾਂ ਸ਼ਾਮਲ ਹਨ।

# ਇੱਕ ਲੱਤ ਕੱਟਣ ਤੋਂ ਬਾਅਦ ਜ਼ਿੰਦਗੀ ਦੀ ਰਾਹ ਹੋਈ ਔਖੀ, ਮੰਤਰੀ ਮੋਹਿੰਦਰ ਭਗਤ ਨੇ ਵਧਾਇਆ ਮਦਦ ਦਾ ਹੱਥ

ਜ਼ਿਕਰ ਪੰਜਾਬ

**ਜਲੰਧਰ/ਬਲਵਿੰਦਰ ਕੁਮਾਰ**

ਭਾਰਗਵ ਕੈਂਪ ਵਾਸੀ ਰਮਨ ਕੁਮਾਰ ਲਈ ਉਸ ਸਮੇਂ ਜ਼ਿੰਦਗੀ ਬੇਹੱਦ ਮੁਸ਼ਕਲ ਹੋ ਗਈ, ਜਦੋਂ ਡਾਕਟਰੀ ਕਾਰਨਾਂ ਕਰਕੇ ਉਨ੍ਹਾਂ ਦੀ ਇੱਕ ਲੱਤ ਕੱਟਣੀ ਪਈ। ਦਿਵਿਆਂਗਤਾ ਕਾਰਨ ਉਨ੍ਹਾਂ ਨੂੰ ਰੋਜ਼ਾਨਾ ਦੇ ਕੰਮਾਂ ਅਤੇ ਆਉਣ-ਜਾਣ ਵਿੱਚ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਰਮਨ ਕੁਮਾਰ ਦੀ ਪਰੇਸ਼ਾਨੀ ਨੂੰ ਦੇਖਦਿਆਂ ਪੰਜਾਬ ਦੇ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਅਰੋੜਾ ਆਈ ਹਸਪਤਾਲ ਦੇ ਸਹਿਯੋਗ ਨਾਲ ਉਨ੍ਹਾਂ ਨੂੰ ਇਲੈਕਟ੍ਰਾਨਿਕ ਟ੍ਰਾਈ ਸਾਈਕਲ ਭੇਟ ਕੀਤੀ। ਇਸ ਪਹਿਲਕਦਮੀ ਨਾਲ ਰਮਨ ਕੁਮਾਰ ਨੂੰ ਆਉਣ-ਜਾਣ ਵਿੱਚ ਕਾਫ਼ੀ ਰਾਹਤ ਮਿਲੇਗੀ ਅਤੇ ਉਹ ਹੋਰ ਆਤਮਨਿਰਭਰ ਹੋ ਕੇ ਆਪਣੀ ਜ਼ਿੰਦਗੀ ਅੱਗੇ ਵਧਾ ਸਕਣਗੇ। ਇਸ ਮੌਕੇ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਕਿ ਲੋੜਵੰਦ ਅਤੇ ਦਿਵਿਆਂਗ ਲੋਕਾਂ ਦੀ ਮਦਦ ਕਰਨਾ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਸਰਕਾਰ ਅਤੇ ਸਮਾਜਿਕ ਸੰਸਥਾਵਾਂ ਦੇ ਸਹਿਯੋਗ ਨਾਲ ਲੋੜਵੰਦ ਲੋਕਾਂ ਤੱਕ ਹਰ ਸੰਭਵ ਮਦਦ ਪਹੁੰਚਾਉਣ ਦੇ ਯਤਨ ਲਗਾਤਾਰ ਜਾਰੀ ਹਨ। ਇਲੈਕਟ੍ਰਾਨਿਕ ਟ੍ਰਾਈ ਸਾਈਕਲ



ਮਿਲਣ 'ਤੇ ਰਮਨ ਕੁਮਾਰ ਨੇ ਕੈਬਨਿਟ ਮੰਤਰੀ ਮੋਹਿੰਦਰ ਭਗਤ ਅਤੇ ਅਰੋੜਾ ਆਈ ਹਸਪਤਾਲ ਦੇ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਸਹਾਇਤਾ ਨਾਲ ਉਨ੍ਹਾਂ ਲਈ ਜ਼ਿੰਦਗੀ ਦੀ ਰਾਹ ਕਾਫ਼ੀ ਆਸਾਨ ਹੋ ਜਾਵੇਗੀ। ਇਸ ਮੌਕੇ ਡਾ. ਅਮਨਦੀਪ ਅਰੋੜਾ, ਡਾ. ਅਮਨਜੋਤ ਕੌਰ, ਡਾ. ਨਵਨੀਤ, ਸੁਰਿੰਦਰ ਦੂਨਾ, ਰਮੇਸ਼ ਭਗਤ, ਵਿਜੇ ਕਾਕਾ, ਕੁਲਦੀਪ ਭਗਤ, ਗਗਨ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਵੱਲੋਂ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਦੀ ਭਲਾਈ 'ਚ ਅਹਿਮ ਯੋਗਦਾਨ ਪਾਉਣ ਵਾਲੀਆਂ ਸਖਸ਼ੀਅਤਾਂ ਦਾ ਸਨਮਾਨ



ਜ਼ਿਕਰ ਪੰਜਾਬ

**ਜਲੰਧਰ/ਬਲਵਿੰਦਰ ਕੁਮਾਰ**

ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਵਲੋਂ ਅੱਜ ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਵਲੋਂ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਲਈ ਚਲਾਏ ਜਾ ਰਹੇ ਪਰਿਆਸ ਸਕੂਲ ਲਈ ਫੰਡ ਰੇਜਿੰਗ ਕਰਨ ਅਤੇ ਡੋਨਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਉਹਨਾਂ ਦੇ ਨਾਲ ਸੁਪਤਨੀ ਅਤੇ ਉਪ ਪ੍ਰਧਾਨ ਰੈਡ ਕਰਾਸ ਹੌਸਪੀਟਲ ਵੈਲਫੇਅਰ ਸੈਕਸਨ ਪਰਿਆਸ ਸਕੂਲ ਤਾਨੀਆ ਬੈਂਸ ਵੀ ਮੌਜੂਦ ਸਨ। ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਦੱਸਿਆ ਕਿ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਦੀ ਸਹਾਇਤਾ ਵਿੱਚ ਦਾਨੀ ਸੱਜਣਾ ਵਲੋਂ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ, ਇਸ ਲਈ ਫੰਡ ਇਕੱਠਾ ਕਰਨਾ ਅਤੇ ਦਾਨੀਆਂ ਦਾ ਸਨਮਾਨ ਕਰਨਾ ਇੱਕ ਬਹੁਤ ਹੀ ਨੇਕ ਅਤੇ ਜ਼ਰੂਰੀ ਕਾਰਜ ਹੈ। ਉਨ੍ਹਾਂ ਦੱਸਿਆ ਕਿ ਇਹਨਾਂ ਵਲੋਂ ਇਕੱਤਰ ਫੰਡ ਨੂੰ ਸਕੂਲ ਵਿੱਚ ਪਖਾਨੇ ਬਣਾਉਣ, ਕਲਾਸ ਰੂਮਾਂ ਦੀ ਉਸਾਰੀ ਤੇ ਕੰਪਿਊਟਰ ਸਾਇੰਸ ਲੈਬ ਆਦਿ ਤਿਆਰ ਕਰਨ ਤੋਂ ਇਲਾਵਾ ਬੱਚਿਆਂ ਲਈ ਸਟੇਸ਼ਨਰੀ, ਵਰਦੀਆਂ, ਕਿਤਾਬਾਂ ਅਤੇ ਸਕੂਲ ਬੈਗ ਮੁਹੱਈਆ ਕਰਵਾਉਣ ਲਈ ਖ਼ਰਚੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਕੋਈ ਵੀ ਦਾਨੀ ਸੱਜਣ ਵਿਸ਼ੇਸ ਲੋੜਾਂ ਵਾਲੇ ਬੱਚਿਆਂ ਦੀ ਭਲਾਈ ਲਈ ਅਜਿਹੀਆਂ ਰਜਿਸਟਰਡ ਸੰਸਥਾਵਾਂ ਲਈ ਦਾਨ ਦੇ ਸਕਦਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡੀ ਸੇਵਾ ਹੈ। ਉਨ੍ਹਾਂ ਦਾਨੀ ਸੱਜਣਾਂ ਨੂੰ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਭਲਾਈ ਲਈ ਅੱਗੇ ਆਉਣ ਦਾ ਸੱਦਾ ਦਿੱਤਾ ਤਾਂ ਜੋ ਇਹਨਾਂ ਬੱਚਿਆਂ ਦੀ ਸਾਂਭ-ਸੰਭਾਲ ਸੁਚੱਜੇ ਢੰਗ ਨਾਲ ਕੀਤੀ ਜਾ ਸਕੇ। ਇਸ ਮੌਕੇ ਡਿਪਟੀ ਕਮਿਸ਼ਨਰ ਵਲੋਂ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਵਲੋਂ ਤਿਆਰ ਕੀਤੀਆਂ ਗਈਆਂ ਵਸਤਾਂ ਨੂੰ ਵੀ ਦੇਖਿਆ ਅਤੇ ਉਹਨਾਂ ਦੀ ਹੌਸਲਾ ਅਫ਼ਜਾਈ ਕੀਤੀ। ਇਸ ਮੌਕੇ ਸਕੱਤਰ, ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਸੁਰਜੀਤ ਲਾਲ, ਸਮਾਜ ਸੇਵਿਕਾ ਪਰਮਿੰਦਰ ਬੇਰੀ, ਰੰਜਨਾ ਬਾਂਸਲ, ਜੋਤੀ ਸੱਗੀ, ਤਰਸੇਮ ਕਪੂਰ, ਸ਼ੈਲੀ ਅਗਰਵਾਲ, ਵਸੂਧਾ ਠਾਕੁਰ,ਸ਼ੁਭ ਸੇਠੀ ਤੇ ਹੋਰ ਦਾਨੀ ਸੱਜਣ ਹਾਜਰ ਸਨ।

# ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਲਾਮਿਸਾਲ ਢੰਗ ਨਾਲ ਮਨਾਇਆ ਜਾਵੇਗਾ : ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ

**ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਵਿਖੇ 'ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਅਤੇ ਸਮਾਜਿਕ ਸਮਾਨਤਾ' ਵਿਸ਼ੇ 'ਤੇ ਕਰਵਾਇਆ ਵਿਸ਼ੇਸ਼ ਸੈਮੀਨਾਰ**

ਜ਼ਿਕਰ ਪੰਜਾਬ

**ਆਦਮਪੁਰ** : ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਸਮਾਗਮਾਂ ਦੀ ਲੜੀ ਤਹਿਤ ਅੱਜ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਵਿਖੇ 'ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਅਤੇ ਸਮਾਜਿਕ ਸਮਾਨਤਾ' ਵਿਸ਼ੇ 'ਤੇ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਪੁੱਜੇ ਪੰਜਾਬ ਦੇ ਜੇਲ੍ਹਾਂ, ਪ੍ਰਵਾਸੀ ਭਾਰਤੀ ਅਤੇ ਸੰਸਦੀ ਕਾਜ ਮਾਮਲੇ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਲਾਮਿਸਾਲ ਢੰਗ ਨਾਲ ਮਨਾਇਆ ਜਾਵੇਗਾ, ਜਿਸ ਲਈ 100 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਭਰ ਵਿਚ 650 ਏਕੜ ਜ਼ਮੀਨ ਉਤੇ ਗੁਰੂ ਜੀ ਦੇ ਨਾਂ 'ਤੇ ਬਗੀਚੀਆਂ ਸਥਾਪਿਤ ਕੀਤੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਬੂਟੇ ਲਗਾਉਣ ਦੀ ਵੱਡੀ ਮੁਹਿੰਮ ਵੀ ਚਲਾਈ ਜਾ ਰਹੀ ਹੈ, ਜਿਸ ਤਹਿਤ ਹਰ ਜ਼ਿਲ੍ਹੇ ਵਿੱਚ 6.50 ਲੱਖ ਬੂਟੇ ਲਗਾਏ ਜਾ ਰਹੇ ਹਨ। ਇਸ ਮੌਕੇ ਚਾਂਸਲਰ ਸੰਤ ਮਨਮੋਹਨ ਸਿੰਘ ਜੀ, ਸੰਤ ਸਰਵਣ ਸਿੰਘ ਜੀ, ਸੰਤ ਨਿਰਮਲ ਦਾਸ ਜੀ, ਸੰਤ ਪ੍ਰਦੀਪ ਦਾਸ ਜੀ, ਭੈਣ ਸੰਤੋਸ਼ ਕੁਮਾਰੀ, ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ. ਪਲਵਿੰਦਰ ਸਿੰਘ ਅਤੇ ਚੇਅਰਮੈਨ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਸ਼੍ਰੀ ਪਵਨ ਟੀਨੂੰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਡਾ. ਰਵਜੋਤ ਸਿੰਘ ਨੇ ਆਪਣੇ ਸੰਬੋਧਨ ਵਿੱਚ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਡੇਰਾ ਸੱਚਖੰਡ ਬੱਲਾਂ ਨੇੜੇ ਨੌਗਜ਼ਾ/ਫਰੀਦਪੁਰਾ ਵਿਖੇ 10.4 ਏਕੜ ਰਕਬੇ ਵਿੱਚ 37 ਕਰੋੜ ਦੀ ਲਾਗਤ ਨਾਲ ਸ੍ਰੀ ਗੁਰੂ ਰਵਿਦਾਸ ਜੀ ਬਾਣੀ ਅਧਿਐਨ ਕੇਂਦਰ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ 650ਵੇਂ ਪ੍ਰਕਾਸ਼ ਪੁਰਬ ਦੇ ਸਮਾਗਮਾਂ ਤਹਿਤ ਸੂਬਾ ਸਰਕਾਰ ਵੱਲੋਂ ਜਿਥੇ ਵਿੱਦਿਅਕ ਸੰਸਥਾਵਾਂ ਵਿੱਚ ਸੈਮੀਨਾਰ ਕਰਵਾ ਕੇ ਨੌਜਵਾਨ ਪੀੜ੍ਹੀ ਨੂੰ ਗੁਰੂ ਜੀ ਦੇ ਜੀਵਨ, ਫਲਸਫੇ ਅਤੇ ਸਿੱਖਿਆਵਾਂ ਤੋਂ ਜਾਣੂ ਕਰਵਾਇਆ ਜਾ ਰਿਹਾ ਹੈ, ਉਥੇ ਵੱਖ-ਵੱਖ ਥਾਵਾਂ 'ਤੇ ਕੀਰਤਨ ਦਰਬਾਰ ਵੀ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਵਿਸ਼ੇਸ਼ ਮੋਬਾਇਲ ਵੈਨਾਂ ਰਾਹੀਂ ਸੂਬੇ ਦੇ 13 ਹਜ਼ਾਰ ਪਿੰਡਾਂ ਵਿੱਚ ਗੁਰੂ ਜੀ ਦੇ ਜੀਵਨ ਤੇ ਸਿੱਖਿਆਵਾਂ 'ਤੇ ਆਧਾਰਿਤ ਵਿਸ਼ੇਸ਼ ਡਾਕੂਮੈਂਟਰੀ ਵੀ ਦਿਖਾਈ ਜਾ ਰਹੀ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਦੇ ਹਿੱਸੇ ਵਜੋਂ ਪੰਜਾਬ ਦੇ ਸਾਰੇ ਵਿਧਾਨ ਸਭਾ ਹਲਕਿਆਂ ਨੂੰ ਕਵਰ ਕਰਦਿਆਂ 92 ਡਰੋਨ ਸ਼ੋਅ ਕਰਵਾਏ ਜਾਣਗੇ, ਜੋ ਇਨ੍ਹਾਂ ਸਮਾਗਮਾਂ ਦਾ ਮੁੱਖ ਆਕਰਸ਼ਣ ਹੋਣਗੇ। ਉਨ੍ਹਾਂ ਦੱਸਿਆ ਕਿ ਚਾਰ ਵੱਡੀਆਂ ਸ਼ੋਭਾ ਯਾਤਰਾਵਾਂ ਵੀ ਕੱਢੀਆਂ ਜਾਣਗੀਆਂ, ਜਿਨ੍ਹਾਂ ਵਿੱਚ ਵਾਰਾਣਸੀ ਤੋਂ ਖੁਰਾਲਗੜ੍ਹ, ਫਰੀਦਕੋਟ ਤੋਂ ਖੁਰਾਲਗੜ੍ਹ, ਬਠਿੰਡਾ ਤੋਂ ਖੁਰਾਲਗੜ੍ਹ ਅਤੇ ਜੰਮੂ ਤੋਂ ਖੁਰਾਲਗੜ੍ਹ ਦੀ ਸ਼ੋਭਾ ਯਾਤਰਾ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਇਹ ਸ਼ੋਭਾ ਯਾਤਰਾਵਾਂ ਖੁਰਾਲਗੜ੍ਹ ਸਾਹਿਬ ਵਿਖੇ ਸਮਾਪਤ ਹੋਣ ਤੋਂ ਪਹਿਲਾਂ ਸੂਬੇ ਦੇ ਵੱਖ-ਵੱਖ ਹਿੱਸਿਆਂ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੇ ਸੰਦੇਸ਼ ਅਤੇ ਸਿੱਖਿਆਵਾਂ ਦੇ ਵੱਧ ਤੋਂ ਵੱਧ ਪਾਸਾਰ ਨੂੰ ਯਕੀਨੀ ਬਣਾਉਣਗੀਆਂ। ਉਨ੍ਹਾਂ ਦੱਸਿਆ ਕਿ ਸਮਾਗਮਾਂ ਦੇ ਹਿੱਸੇ ਵਜੋਂ ਖੁਰਾਲਗੜ੍ਹ ਸਾਹਿਬ ਵਿਖੇ ਤਿੰਨ ਦਿਨਾ ਰਾਜ ਪੱਧਰੀ ਸਮਾਗਮ ਕਰਵਾਇਆ ਜਾਵੇਗਾ। ਸੰਤ ਨਿਰਮਲ ਦਾਸ ਜੀ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਔਖੇ ਸਮੇਂ ਵਿੱਚ 'ਵਿਦਿਆ' ਹੀ ਮਨੁੱਖ ਦੀ ਸਭ ਤੋਂ ਵੱਡੀ ਸਾਥੀ ਹੁੰਦੀ ਹੈ। ਪੜ੍ਹਾਈ ਵਿੱਚ ਇਕਾਗਰਤਾ ਅਤੇ ਮਿਹਨਤ ਬਹੁਤ ਜ਼ਰੂਰੀ ਹੈ। ਉਨ੍ਹਾਂ ਬੱਚਿਆਂ ਨੂੰ ਅਪੀਲ ਕੀਤੀ ਕਿ ਉਹ ਬੁਰਾਈਆਂ ਦਾ ਤਿਆਗ ਕਰਕੇ ਸਿਰਫ਼ ਗੁਣਾਂ ਅਤੇ ਗਿਆਨ ਨੂੰ ਗ੍ਰਹਿਣ ਕਰਨ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਸਮਾਜਿਕ ਬਰਾਬਰਤਾ ਦੀ ਸਿੱਖਿਆ ਦਿੰਦੀ ਹੈ ਅਤੇ ਪੰਜਾਬ ਸਰਕਾਰ ਵਲੋਂ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਘਰ ਘਰ ਪਹੁੰਚਾਉਣ ਲਈ ਕੀਤੇ ਜਾ ਰਹੇ ਉਪਰਾਲੇ ਸ਼ਲਾਘਾਯੋਗ ਹਨ। ਭੈਣ ਸੰਤੋਸ਼ ਕੁਮਾਰੀ ਨੇ ਗੁਰੂ ਰਵਿਦਾਸ ਜੀ ਦੁਆਰਾ ਦਰਸਾਏ 'ਬੇਗਮਪੁਰਾ' ਦੇ ਸੰਕਲਪ ਨੂੰ ਭਾਰਤੀ ਸੰਵਿਧਾਨ ਨਾਲ ਜੋੜਦਿਆਂ ਕਿਹਾ ਕਿ ਗੁਰੂ ਸਾਹਿਬ ਨੇ ਉਚ-ਨੀਚ ਅਤੇ ਸਮਾਜਿਕ ਵਿਤਕਰੇ ਨੂੰ ਖ਼ਤਮ ਕਰਨ ਦਾ ਸੁਨੇਹਾ ਦਿੱਤਾ ਹੈ। ਇਸ ਤੋਂ ਪਹਿਲਾਂ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ. ਪਲਵਿੰਦਰ ਸਿੰਘ ਜੀ ਨੇ ਆਏ ਹੋਏ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ। ਸਮਾਗਮ ਦੇ ਮੁੱਖ ਬੁਲਾਰੇ ਪ੍ਰੋ. ਹਰਬੰਸ ਸਿੰਘ ਬੋਲੀਨਾ ਨੇ ਆਪਣੇ ਭਾਸ਼ਣ ਦੌਰਾਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਸਮਾਗਮ ਦੇ ਅੰਤ ਵਿੱਚ ਯੂਨੀਵਰਸਿਟੀ ਦੇ ਰਜਿਸਟਰਾਰ ਰਾਜਿੰਦਰ ਕੁਮਾਰ ਨੇ ਧੰਨਵਾਦੀ ਸ਼ਬਦ ਪ੍ਰਗਟਾਏ। ਇਸ ਮੌਕੇ ਐਸ. ਡੀ.ਐਮ. ਲਾਲ ਵਿਸ਼ਵਾਸ਼ ਬੈਂਸ, ਸੰਤ-ਮਹਾਂਪੁਰਸ਼, ਪ੍ਰਮੁੱਖ ਰਾਜਨੀਤਿਕ ਸ਼ਖ਼ਸੀਅਤਾਂ, ਯੂਨੀਵਰਸਿਟੀ ਮੈਨੇਜਮੈਂਟ, ਅਧਿਆਪਕ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਵਿਦਿਆਰਥੀ ਸ਼ਾਮਲ ਹੋਏ।



# ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਅਧੀਨ 75,199 ਲਾਭਪਾਤਰੀਆਂ ਨੂੰ 383.52 ਕਰੋੜ ਰੁਪਏ ਜਾਰੀ : ਕੈਬਨਿਟ ਮੰਤਰੀ ਡਾ. ਬਲਜੀਤ ਕੌਰ

ਜ਼ਿਕਰ ਪੰਜਾਬ

**ਕੋਈ ਵੀ ਯੋਗ ਲਾਭਪਾਤਰੀ ਸਕੀਮ ਦੇ ਲਾਭ ਤੋਂ ਵਾਂਝਾ ਨਹੀਂ ਰਹੇਗਾ; ਅਧਿਕਾਰੀਆਂ ਨੂੰ ਅਰਜ਼ੀਆਂ ਦਾ ਸਮੇਂ ਸਿਰ ਨਿਪਟਾਰਾ ਕਰਨ ਦੇ ਨਿਰਦੇਸ਼**



**ਚੰਡੀਗੜ੍ਹ** : ਆਰਥਿਕ ਤੌਰ 'ਤੇ ਕਮਜ਼ੋਰ ਅਤੇ ਲੋੜਵੰਦ ਪਰਿਵਾਰਾਂ ਦੀਆਂ ਧੀਆਂ ਨੂੰ ਸਨਮਾਨ ਨਾਲ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਨ ਲਈ ਸਹਾਇਤਾ ਪ੍ਰਦਾਨ ਕਰਨ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਤਹਿਤ ਵਿੱਤੀ ਸਾਲ 2025-26 ਅਤੇ 2026-27 ਦੌਰਾਨ ਹੁਣ ਤੱਕ 75,199 ਲਾਭਪਾਤਰੀਆਂ ਨੂੰ 383.52 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਜਾਰੀ ਕੀਤੀ ਗਈ ਹੈ। ਇਹ ਜਾਣਕਾਰੀ ਪੰਜਾਬ ਦੇ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦਿੱਤੀ। ਡਾ. ਬਲਜੀਤ ਕੌਰ ਨੇ ਕਿਹਾ ਕਿ ਅਸ਼ੀਰਵਾਦ ਸਕੀਮ ਪੰਜਾਬ ਸਰਕਾਰ ਦੀ ਉਸ ਵਚਨਬੱਧਤਾ ਦਾ ਪ੍ਰਤੀਕ ਹੈ, ਜਿਸ ਤਹਿਤ ਯੋਗ ਪਰਿਵਾਰਾਂ ਨੂੰ ਧੀਆਂ ਦੇ ਵਿਆਹ ਸਮੇਂ ਵਿੱਤੀ ਸਹਾਇਤਾ ਦੇ ਕੇ ਉਨ੍ਹਾਂ ਨੂੰ ਸਨਮਾਨ, ਆਤਮ-ਵਿਸ਼ਵਾਸ ਅਤੇ ਆਰਥਿਕ ਸੁਰੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ। ਹੋਰ ਵੇਰਵੇ ਸਾਂਝੇ ਕਰਦਿਆਂ ਕੈਬਨਿਟ ਮੰਤਰੀ ਨੇ ਦੱਸਿਆ ਕਿ ਵਿੱਤੀ ਸਾਲ 2025-26 ਦੌਰਾਨ ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀ ਵਰਗ ਨਾਲ ਸਬੰਧਤ 42,203 ਲਾਭਪਾਤਰੀਆਂ ਨੂੰ ਧੀਆਂ ਦੇ ਵਿਆਹ ਲਈ 215.24 ਕਰੋੜ ਰੁਪਏ ਜਾਰੀ ਕੀਤੇ ਗਏ। ਇਸ ਤੋਂ ਇਲਾਵਾ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ 20,212 ਲਾਭਪਾਤਰੀਆਂ ਨੂੰ 103.08 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ। ਉਨ੍ਹਾਂ ਅੱਗੇ ਦੱਸਿਆ ਕਿ ਵਿੱਤੀ ਸਾਲ 2026-27 ਦੌਰਾਨ ਹੁਣ ਤੱਕ ਅਨੁਸੂਚਿਤ ਜਾਤੀ ਵਰਗ ਦੇ 8,774 ਲਾਭਪਾਤਰੀਆਂ ਨੂੰ 44.75 ਕਰੋੜ ਰੁਪਏ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ 4,010 ਲਾਭਪਾਤਰੀਆਂ ਨੂੰ 20.45 ਕਰੋੜ ਰੁਪਏ ਦੀ ਸਹਾਇਤਾ ਜਾਰੀ ਕੀਤੀ ਗਈ ਹੈ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਸ਼ੀਰਵਾਦ ਸਕੀਮ ਅਧੀਨ ਹਰ ਯੋਗ ਲਾਭਪਾਤਰੀ ਨੂੰ ਧੀ ਦੇ ਵਿਆਹ ਲਈ 51,000 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇੱਕ ਪਰਿਵਾਰ ਦੀਆਂ ਦੋ ਧੀਆਂ ਵੀ ਇਸ ਸਕੀਮ ਦਾ ਲਾਭ ਲੈਣ ਲਈ ਯੋਗ ਹਨ, ਜਿਸ ਨਾਲ ਵੱਧ ਤੋਂ ਵੱਧ ਲੋੜਵੰਦ ਪਰਿਵਾਰਾਂ ਨੂੰ ਸਮੇਂ ਸਿਰ ਸਹਾਇਤਾ ਮਿਲ ਰਹੀ ਹੈ। ਉਨ੍ਹਾਂ ਦੱਸਿਆ ਕਿ ਸਕੀਮ ਦਾ ਲਾਭ ਲੈਣ ਲਈ ਲਾਭਪਾਤਰੀ ਦਾ ਪੰਜਾਬ ਦਾ ਸਥਾਈ ਵਸਨੀਕ ਹੋਣਾ ਲਾਜ਼ਮੀ ਹੈ, ਪਰਿਵਾਰ ਗਰੀਬੀ ਰੇਖਾ ਤੋਂ ਹੇਠਾਂ ਦਾ ਹੋਣਾ ਚਾਹੀਦਾ ਹੈ ਅਤੇ ਪਰਿਵਾਰ ਦੀ ਸਾਰੇ ਸਰੋਤਾਂ ਤੋਂ ਸਾਲਾਨਾ ਆਮਦਨ 32,790 ਰੁਪਏ ਤੋਂ ਵੱਧ ਨਹੀਂ ਹੋਣੀ ਚਾਹੀਦੀ। ਕੈਬਨਿਟ ਮੰਤਰੀ ਨੇ ਕਿਹਾ ਕਿ ਪਾਰਦਰਸ਼ਤਾ ਅਤੇ ਪ੍ਰਭਾਵਸ਼ਾਲੀ ਸੇਵਾ ਪ੍ਰਦਾਨ ਕਰਨ ਨੂੰ ਯਕੀਨੀ ਬਣਾਉਣ ਲਈ ਵਿੱਤੀ ਸਹਾਇਤਾ ਡਾਇਰੈਕਟ ਬੈਨੀਫਿਟ ਟਰਾਂਸਫਰ ਪ੍ਰਣਾਲੀ ਰਾਹੀਂ ਸਿੱਧੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਜਮ੍ਹਾਂ ਕਰਵਾਈ ਜਾਂਦੀ ਹੈ, ਜਿਸ ਨਾਲ ਰਕਮ ਦੀ ਸਮੇਂ ਸਿਰ ਅਤੇ ਪਾਰਦਰਸ਼ੀ ਵੰਡ ਯਕੀਨੀ ਬਣਦੀ ਹੈ। ਡਾ. ਬਲਜੀਤ ਕੌਰ ਨੇ ਪੰਜਾਬ ਸਰਕਾਰ ਦੀ ਲੋਕ-ਪੱਖੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਸਮੂਹ ਜ਼ਿਲ੍ਹਾ ਅਧਿਕਾਰੀਆਂ ਅਤੇ ਵਿਭਾਗੀ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਕੋਈ ਵੀ ਯੋਗ ਲਾਭਪਾਤਰੀ ਅਸ਼ੀਰਵਾਦ ਸਕੀਮ ਦੇ ਲਾਭ ਤੋਂ ਵਾਂਝਾ ਨਾ ਰਹੇ। ਉਨ੍ਹਾਂ ਅਧਿਕਾਰੀਆਂ ਨੂੰ ਯੋਗ ਅਰਜ਼ੀਆਂ ਦਾ ਤੁਰੰਤ ਨਿਪਟਾਰਾ ਕਰਨ ਲਈ ਕਿਹਾ ਤਾਂ ਜੋ ਹਰ ਹੱਕਦਾਰ ਪਰਿਵਾਰ ਨੂੰ ਆਪਣੀਆਂ ਧੀਆਂ ਦੇ ਵਿਆਹ ਤੋਂ ਪਹਿਲਾਂ ਬਿਨਾਂ ਕਿਸੇ ਦੇਰੀ ਜਾਂ ਪਰੇਸ਼ਾਨੀ ਦੇ ਵਿੱਤੀ ਸਹਾਇਤਾ ਮਿਲ ਸਕੇ। ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਗਰੀਬ, ਆਰਥਿਕ ਤੌਰ 'ਤੇ ਕਮਜ਼ੋਰ ਅਤੇ ਪੱਛੜੇ ਵਰਗਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਉਣ ਲਈ ਲਗਾਤਾਰ ਯਤਨਸ਼ੀਲ ਹੈ।



# ਨਾਈਪਰ ਮੋਹਾਲੀ ਵਿਖੇ ਬਾਇਓਇਮੇਜਿੰਗ ਵਿੱਚ ਹਾਲੀਆ ਤਰੱਕੀ ਵਿਸ਼ੇ 'ਤੇ ਵਰਕਸ਼ਾਪ

ਜ਼ਿਕਰ ਪੰਜਾਬ

**ਮੋਹਾਲੀ/ਪੀ.ਆਈ.ਬੀ**



ਨੈਸ਼ਨਲ ਇੰਸਟੀਚਿਊਟ ਆਫ਼ ਫਾਰਮਾਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ (NIPER), ਮੋਹਾਲੀ ਦੇ ਮੈਡੀਕਲ ਡਿਵਾਈਸ ਡਿਵੀਜ਼ਨ ਨੇ "ਬਾਇਓਇਮੇਜਿੰਗ ਵਿੱਚ ਹਾਲੀਆ ਤਰੱਕੀ"ਵਿਸ਼ੇ 'ਤੇ ਚਾਰ ਦਿਨਾਂ ਵਰਕਸ਼ਾਪ ਦੀ ਸ਼ੁਰੂਆਤ ਕੀਤੀ। ਵਰਕਸ਼ਾਪ ਵਾਈਡਫੀਲਡ ਅਤੇ ਕਨਫੋਕਲ ਮਾਈਕ੍ਰੋਸਕੋਪੀ ਵਿੱਚ ਹਾਲੀਆ ਵਿਕਾਸ 'ਤੇ ਕੇਂਦ੍ਰਿਤ ਸੀ ਜਿਸ ਵਿੱਚ ਤਕਨੀਕੀ ਸੈਸ਼ਨ, ਪ੍ਰਦਰਸ਼ਨ ਅਤੇ ਭਾਗੀਦਾਰਾਂ ਲਈ ਹੱਥੀਂ ਸਿਖਲਾਈ ਸ਼ਾਮਲ ਹੈ। ਵਰਕਸ਼ਾਪ ਦਾ ਉਦਘਾਟਨ ਪ੍ਰੋਫੈਸਰ ਦੁਲਾਲ ਪਾਂਡਾ, ਡਾਇਰੈਕਟਰ, NIPER, ਮੋਹਾਲੀ ਨੇ ਕੀਤਾ। ਐਸੋਸੀਏਟ ਡੀਨ, ਰਜਿਸਟਰਾਰ, ਫੈਕਲਟੀ ਮੈਂਬਰ, ਸੱਦੇ ਗਏ ਮਾਹਰ ਅਤੇ ਭਾਗੀਦਾਰ ਮੌਜੂਦ ਸਨ। ਆਪਣੇ ਸਵਾਗਤੀ ਭਾਸ਼ਣ ਵਿੱਚ, ਪ੍ਰੋ. ਦੁਲਾਲ ਪਾਂਡਾ ਨੇ ਮਾਈਕ੍ਰੋਸਕੋਪੀ, ਖਾਸ ਕਰਕੇ ਕਨਫੋਕਲ ਮਾਈਕ੍ਰੋਸਕੋਪੀ ਦੇ ਵਿਕਾਸ ਨੂੰ ਇੱਕ ਸ਼ਕਤੀਸ਼ਾਲੀ ਆਧੁਨਿਕ ਜੈਵਿਕ ਅਤੇ ਬਾਇਓਮੈਡੀਕਲ ਖੋਜ ਸਾਧਨ ਵਜੋਂ ਉਜਾਗਰ ਕੀਤਾ। ਉਨ੍ਹਾਂ ਨੇ ਫਲੋਰੋਸੈਂਸ ਮਾਈਕ੍ਰੋਸਕੋਪੀ ਦੀ ਪਰਿਵਰਤਨਸ਼ੀਲ ਭੂਮਿਕਾ ਅਤੇ ਹਰੇ ਫਲੋਰੋਸੈਂਟ ਪ੍ਰੋਟੀਨ (GFP) ਦੀ ਭੂਮਿਕਾ ਬਾਰੇ ਵੀ ਗੱਲ ਕੀਤੀ। ਉਨ੍ਹਾਂ ਨੇ (GFP) ਦੀ ਖੋਜ 'ਤੇ ਵੀ ਚਾਨਣਾ ਪਾਇਆ ਅਤੇ ਦੱਸਿਆ ਕਿ ਇਮੇਜਿੰਗ ਵਿੱਚ ਤਰੱਕੀ ਨੇ ਖੋਜਕਰਤਾਵਾਂ ਨੂੰ ਸੈਲੂਲਰ ਅਤੇ ਅਣੂ ਪ੍ਰਕਿਰਿਆਵਾਂ ਨੂੰ ਵਧੇਰੇ ਸਪੱਸ਼ਟਤਾ ਅਤੇ ਸ਼ੁੱਧਤਾ ਨਾਲ ਕਲਪਨਾ ਕਰਨ ਦੇ ਯੋਗ ਬਣਾਇਆ ਹੈ। ਡਾਇਰੈਕਟਰ ਦੇ ਭਾਸ਼ਣ ਤੋਂ ਬਾਅਦ, ਪ੍ਰੋ. ਇਪਸਿਤਾ ਰਾਏ, ਐਸੋਸੀਏਟ ਡੀਨ, NIPER, ਮੋਹਾਲੀ ਨੇ ਤਕਨੀਕੀ ਤਰੱਕੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਵਿਦਿਆਰਥੀਆਂ ਨੂੰ ਮਾਹਿਰਾਂ ਨਾਲ ਸਰਗਰਮੀ ਨਾਲ ਗੱਲਬਾਤ ਕਰਨ ਅਤੇ ਹੱਥੀਂ ਸਿਖਲਾਈ ਰਾਹੀਂ ਅਨੁਭਵ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ। ਵਰਕਸ਼ਾਪ ਦੇ ਪ੍ਰਬੰਧਕ ਡਾ. ਅਜੇ ਕੁਮਾਰ, ਅਤੇ ਸਹਿ-ਪ੍ਰਬੰਧਕ ਪ੍ਰੋ. ਤਰੁਣ ਸ਼ਰਮਾ ਅਤੇ ਡਾ. ਦੀਪਾਂਕਰ ਦਾਸ, ਮੈਡੀਕਲ ਡਿਵਾਈਸ ਵਿਭਾਗ, ਨੇ ਭਾਗੀਦਾਰਾਂ ਨੂੰ ਸਵਾਲ ਪੁੱਛਣ, ਨਵੀਆਂ ਸੰਭਾਵਨਾਵਾਂ ਦੀ ਪੜਚੋਲ ਕਰਨ ਅਤੇ ਰਵਾਇਤੀ ਪਹੁੰਚਾਂ ਤੋਂ ਪਰੇ ਸੋਚਣ ਲਈ ਉਤਸ਼ਾਹਿਤ ਕੀਤਾ। ਵਰਕਸ਼ਾਪ ਵਿੱਚ ਵਾਈਡਫੀਲਡ ਅਤੇ ਕੰਨਫੋਕਲ ਮਾਈਕ੍ਰੋਸਕੋਪੀ ਵਿੱਚ ਬੁਨਿਆਦੀ ਗੱਲਾਂ ਅਤੇ ਨਵੀਨਤਮ ਵਿਕਾਸ 'ਤੇ ਸੈਸ਼ਨਾਂ ਦੇ ਨਾਲ-ਨਾਲ ਬਹੁ-ਆਯਾਮੀ ਇਮੇਜਿੰਗ ਵਿੱਚ ਸਿਸਟਮ ਪ੍ਰਦਰਸ਼ਨ ਅਤੇ ਹੱਥੀਂ ਸਿਖਲਾਈ ਸ਼ਾਮਲ ਹੈ। ਆਖਰੀ ਦੋ ਦਿਨ ਕੰਨਫੋਕਲ ਮਾਈਕ੍ਰੋਸਕੋਪੀ ਦੀ ਵਰਤੋਂ ਕਰਦੇ ਹੋਏ ਵਿਅਕਤੀਗਤ ਪ੍ਰਯੋਗਸ਼ਾਲਾ ਦੇ ਨਮੂਨਿਆਂ ਦੀ ਪ੍ਰਾਪਤੀ ਅਤੇ ਵਿਸ਼ਲੇਸ਼ਣ ਲਈ ਸਮਰਪਿਤ ਹਨ, ਜਿਸ ਨਾਲ ਭਾਗੀਦਾਰਾਂ ਨੂੰ ਵਰਕਸ਼ਾਪ ਦੌਰਾਨ ਸਿੱਖੀਆਂ ਗਈਆਂ ਧਾਰਨਾਵਾਂ ਅਤੇ ਤਕਨੀਕਾਂ ਨੂੰ ਆਪਣੇ ਖੋਜ ਨਮੂਨਿਆਂ 'ਤੇ ਲਾਗੂ ਕਰਨ ਦਾ ਮੌਕਾ ਮਿਲਦਾ ਹੈ। ਇਸ ਵਰਕਸ਼ਾਪ ਦਾ ਉਦੇਸ਼ ਭਾਗੀਦਾਰਾਂ ਦੀ ਉੱਨਤ ਬਾਇਓਇਮੇਜਿੰਗ ਤਕਨੀਕਾਂ ਦੀ ਸਮਝ ਨੂੰ ਮਜ਼ਬੂਤ ਕਰਨਾ ਅਤੇ ਉਨ੍ਹਾਂ ਨੂੰ ਫਾਰਮਾਸਿਊਟੀਕਲ, ਬਾਇਓਮੈਡੀਕਲ ਅਤੇ ਜੀਵਨ ਵਿਗਿਆਨ ਖੋਜ ਵਿੱਚ ਇਨ੍ਹਾਂ ਤਕਨੀਕਾਂ ਨੂੰ ਲਾਗੂ ਕਰਨ ਲਈ ਵਿਹਾਰਕ ਹੁਨਰ ਪ੍ਰਦਾਨ ਕਰਨਾ ਹੈ।



# ਭਾਰਤੀ ਮਿਆਰ ਬਿਊਰੋ ਹਰਿਆਣਾ ਸ਼ਾਖਾ ਦਫ਼ਤਰ ਨੇ ਸਿਰਸਾ ਵਿੱਚ ਜਵੈਲਰਜ਼ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ

ਜ਼ਿਕਰ ਪੰਜਾਬ

**ਸਿਰਸਾ/ਪੀ.ਆਈ.ਬੀ.**

ਭਾਰਤੀ ਮਿਆਰ ਬਿਊਰੋ, ਹਰਿਆਣਾ ਸ਼ਾਖਾ ਦਫ਼ਤਰ ਨੇ ਅੱਜ ਸਿਰਸਾ ਵਿੱਚ ਇੱਕ ਜਵੈਲਰਜ਼ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ, ਜਿਸ ਵਿੱਚ ਆਲੇ-ਦੁਆਲੇ ਦੇ ਜ਼ਿਲ੍ਹਿਆਂ ਦੇ 100 ਤੋਂ ਵੱਧ ਜਵੈਲਰਜ਼ ਅਤੇ ਜਵੈਲਰਜ਼ ਐਸੋਸੀਏਸ਼ਨਾਂ ਦੇ ਮੈਂਬਰਾਂ ਨੇ ਸ਼ਿਰਕਤ ਕੀਤੀ। ਇਸ ਪ੍ਰੋਗਰਾਮ ਦਾ ਉਦੇਸ਼ ਜਵੈਲਰਜ਼ ਨੂੰ ਹਾਲਮਾਰਕਿੰਗ ਰਜਿਸਟ੍ਰੇਸ਼ਨ ਪ੍ਰਕਿਰਿਆ, ਪਾਲਣਾ ਲੋੜਾਂ, BIS ਔਨਲਾਈਨ ਸੇਵਾਵਾਂ, ਹਾਲੀਆ ਸੁਧਾਰਾਂ, HUID, ਅਤੇ ਲਾਗੂ BIS ਮਿਆਰਾਂ ਅਤੇ ਜ਼ਰੂਰਤਾਂ ਬਾਰੇ ਸਿੱਖਿਅਤ ਅਤੇ ਅਪਡੇਟ ਕਰਨਾ ਸੀ। ਪ੍ਰੋਗਰਾਮ ਦੀ ਸ਼ੁਰੂਆਤ ਸ਼੍ਰੀਮਤੀ ਮਧੁਰਿਮਾ ਮਾਧਵ, ਵਿਗਿਆਨੀ-ਈ/ਡਾਇਰੈਕਟਰ ਅਤੇ ਮੁਖੀ, ਹਰਿਆਣਾ ਸ਼ਾਖਾ ਦਫ਼ਤਰ, ਭਾਰਤੀ ਮਿਆਰ ਬਿਊਰੋ (BIS) ਦੁਆਰਾ ਸਵਾਗਤ ਭਾਸ਼ਣ ਅਤੇ ਪ੍ਰੋਗਰਾਮ ਦੇ ਉਦੇਸ਼ਾਂ ਦੀ ਸੰਖੇਪ ਜਾਣਕਾਰੀ ਨਾਲ ਹੋਈ। ਉਨ੍ਹਾਂ ਨੇ ਜਵੈਲਰਜ਼ ਲਈ ਹਾਲਮਾਰਕਿੰਗ ਪ੍ਰਣਾਲੀ ਦੀ ਮਹੱਤਤਾ ਅਤੇ BIS ਦੀ ਪ੍ਰਭਾਵਸ਼ਾਲੀ ਪਾਲਣਾ ਦੀ ਜ਼ਰੂਰਤ 'ਤੇ ਚਾਨਣਾ ਪਾਇਆ। ਸ਼੍ਰੀ ਸੱਜਣ ਸਿੰਘ ਸੋਨੀ, ਜ਼ਿਲ੍ਹਾ ਪ੍ਰਧਾਨ, ਜਵੈਲਰਜ਼ ਐਸੋਸੀਏਸ਼ਨ, ਸਿਰਸਾ ਨੇ BIS ਅਧਿਕਾਰੀਆਂ, ਹਾਲਮਾਰਕਿੰਗ ਸੈਂਟਰ ਦੇ ਪ੍ਰਤੀਨਿਧੀਆਂ ਅਤੇ ਮੀਟਿੰਗ ਵਿੱਚ ਮੌਜੂਦ ਸਾਰੇ ਜਵੈਲਰਜ਼ ਦਾ ਸਵਾਗਤ ਕੀਤਾ। ਉਨ੍ਹਾਂ ਨੇ ਹਾਲਮਾਰਕਿੰਗ, HUID, ਅਤੇ ਚਾਂਦੀ 8"94 ਸੰਬੰਧੀ ਗਹਿਣਿਆਂ ਦੀਆਂ ਮੁੱਖ ਚਿੰਤਾਵਾਂ ਨੂੰ ਉਜਾਗਰ ਕੀਤਾ, ਅਤੇ ਅਧਿਕਾਰੀਆਂ ਨੂੰ ਸਪੱਸ਼ਟ ਦਿਸ਼ਾ-ਨਿਰਦੇਸ਼ ਜਾਰੀ ਕਰਨ ਅਤੇ ਲਾਗੂ ਕਰਨ ਲਈ ਲੋੜੀਂਦਾ ਸਮਾਂ ਦੇਣ ਦੀ ਬੇਨਤੀ ਕੀਤੀ। ਉਨ੍ਹਾਂ ਕਿਹਾ ਕਿ ਗਹਿਣੇ ਨਿਰਮਾਤਾ ਨਿਯਮਾਂ ਦੀ ਪਾਲਣਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ, ਪਰ ਪ੍ਰਕਿਰਿਆ ਸਰਲ, ਪਾਰਦਰਸ਼ੀ ਅਤੇ ਵਿਹਾਰਕ ਹੋਣੀ ਚਾਹੀਦੀ ਹੈ। ਅੰਤ ਵਿੱਚ, ਉਨ੍ਹਾਂ ਨੇ ਸਾਰੇ ਅਧਿਕਾਰੀਆਂ, ਤਹਿਸੀਲ ਮੁਖੀਆਂ ਅਤੇ ਗਹਿਣਿਆਂ ਦਾ ਉਨ੍ਹਾਂ ਦੀ ਕੀਮਤੀ ਮੌਜੂਦਗੀ ਅਤੇ ਸਹਿਯੋਗ ਲਈ ਧੰਨਵਾਦ ਕੀਤਾ।

ਮੁੱਖ ਤਕਨੀਕੀ ਸੈਸ਼ਨ ਵਿੱਚ, ਸ਼੍ਰੀ ਅਨੰਤ ਕੁਮਾਰ, ਵਿਗਿਆਨੀ-ਸੀ/ਡਿਪਟੀ ਡਾਇਰੈਕਟਰ, ਹਰਿਆਣਾ ਸ਼ਾਖਾ ਦਫ਼ਤਰ, BIS ਨੇ ਹਾਲਮਾਰਕਿੰਗ - ਰਜਿਸਟ੍ਰੇਸ਼ਨ ਪ੍ਰਕਿਰਿਆ, ਪਾਲਣਾ ਲੋੜਾਂ, ਔਨਲਾਈਨ ਸੇਵਾਵਾਂ, ਸੁਧਾਰ, HUID, ਅਤੇ ਲਾਗੂ BIS ਲੋੜਾਂ 'ਤੇ ਇੱਕ ਵਿਸਤ੍ਰਿਤ ਪੇਸ਼ਕਾਰੀ ਦਿੱਤੀ। ਸੈਸ਼ਨ ਦੌਰਾਨ, ਭਾਗੀਦਾਰਾਂ ਨੂੰ ਹਾਲਮਾਰਕਿੰਗ ਰਜਿਸਟ੍ਰੇਸ਼ਨ, ਪਾਲਣਾ ਪ੍ਰਬੰਧਾਂ, ਔਨਲਾਈਨ ਸਹੂਲਤਾਂ, HUID, ਅਤੇ BIS ਦੁਆਰਾ ਲਾਗੂ ਕੀਤੀਆਂ ਗਈਆਂ ਪ੍ਰਕਿਰਿਆਵਾਂ ਅਤੇ ਜ਼ਰੂਰਤਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ। ਪ੍ਰੋਗਰਾਮ ਦਾ ਸਮਾਪਨ ਇੱਕ ਸਵਾਲ-ਜਵਾਬ ਸੈਸ਼ਨ ਵਿੱਚ ਹੋਇਆ, ਜਿੱਥੇ ਗਹਿਣਿਆਂ ਨੇ ਹਾਲਮਾਰਕਿੰਗ ਅਤੇ BIS ਨਾਲ ਸਬੰਧਤ ਵੱਖ-ਵੱਖ ਵਿਸ਼ਿਆਂ 'ਤੇ ਸਵਾਲ ਉਠਾਏ।

ਅਧਿਕਾਰੀਆਂ ਨੇ ਭਾਗੀਦਾਰਾਂ ਦੇ ਸਵਾਲਾਂ ਨੂੰ ਸੰਬੋਧਿਤ ਕੀਤਾ ਅਤੇ ਜ਼ਰੂਰੀ ਮਾਰਗਦਰਸ਼ਨ ਪ੍ਰਦਾਨ ਕੀਤਾ। ਇਸ ਜਾਗਰੂਕਤਾ ਪ੍ਰੋਗਰਾਮ ਦਾ ਉਦੇਸ਼ ਹਾਲਮਾਰਕਿੰਗ ਪ੍ਰਣਾਲੀ ਦੇ ਪ੍ਰਭਾਵਸ਼ਾਲੀ ਲਾਗੂਕਰਨ ਨੂੰ ਉਤਸ਼ਾਹਿਤ ਕਰਨਾ, ਰੈਗੂਲੇਟਰੀ ਪਾਲਣਾ ਬਾਰੇ ਗਹਿਣੇ ਨਿਰਮਾਤਾਵਾਂ ਵਿੱਚ ਜਾਗਰੂਕਤਾ ਵਧਾਉਣਾ ਅਤੇ ਗਹਿਣਿਆਂ ਦੀ ਗੁਣਵੱਤਾ, ਪਾਰਦਰਸ਼ਤਾ ਅਤੇ ਖਪਤਕਾਰਾਂ ਦੇ ਵਿਸ਼ਵਾਸ ਨੂੰ ਮਜ਼ਬੂਤ ਕਰਨਾ ਸੀ। ਅਜਿਹੇ ਪ੍ਰੋਗਰਾਮਾਂ ਰਾਹੀਂ, BIS ਨੇ ਗਹਿਣੇ ਨਿਰਮਾਤਾਵਾਂ ਨੂੰ ਗੁਣਵੱਤਾ ਅਤੇ ਪ੍ਰਮਾਣਿਤ ਗਹਿਣਿਆਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ ਲੋੜੀਂਦੀ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕੀਤੀ।



# ਆਪ ਵਿਧਾਇਕ ਕੁਲਦੀਪ ਧਾਲੀਵਾਲ ਨੇ ਕਾਂਗਰਸ ਸੰਸਦ ਮੈਂਬਰ ਦੀਪੇਂਦਰ ਹੁੱਡਾ ਦੇ ਸੱਜਣ ਕੁਮਾਰ ਨੂੰ ਰੋਲ ਮਾਡਲ ਦੱਸਣ ਵਾਲੇ ਬਿਆਨ ਦੀ ਸਖ਼ਤ ਸ਼ਬਦਾਂ ਵਿੱਚ ਕੀਤੀ ਨਿਖੇਧੀ

ਜ਼ਿਕਰ ਪੰਜਾਬ

**ਅੰਮ੍ਰਿਤਸਰ** : ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੀਨੀਅਰ ਆਗੂ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕਾਂਗਰਸ ਸੰਸਦ ਮੈਂਬਰ ਦੀਪੇਂਦਰ ਸਿੰਘ ਹੁੱਡਾ ਵੱਲੋਂ ਸੱਜਣ ਕੁਮਾਰ ਨੂੰ ਰੋਲ ਮਾਡਲ ਦੱਸਣ ਵਾਲੇ ਬਿਆਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਜ਼ਖ਼ਮ ਅੱਜ ਵੀ ਸਿੱਖਾਂ ਦੇ ਦਿਲਾਂ ਵਿੱਚ ਜ਼ਿੰਦਾ ਹਨ ਅਤੇ ਅਜਿਹੇ ਸਮੇਂ ਵਿੱਚ ਸਿੱਖਾਂ ਦੇ ਕਤਲੇਆਮ ਨਾਲ ਜੁੜੇ ਵਿਅਕਤੀ ਨੂੰ ਆਦਰਸ਼ ਦੱਸਣ ਵਾਲਾ ਬਿਆਨ ਪੂਰੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚਾਉਣ ਵਾਲਾ ਹੈ। ਸ਼ਨਿੱਚਰਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਧਾਲੀਵਾਲ ਨੇ ਕਿਹਾ ਕਿ ਜੇਕਰ ਕਾਂਗਰਸ ਦੇ ਇੱਕ ਸੀਨੀਅਰ ਨੇਤਾ ਸੱਜਣ ਕੁਮਾਰ ਨੂੰ ਆਪਣਾ ਰੋਲ ਮਾਡਲ ਦੱਸਦੇ ਹਨ, ਤਾਂ ਇਹ ਕਾਂਗਰਸ ਦੀ ਮਾਨਸਿਕਤਾ ਅਤੇ ਉਸ ਦੀ ਰਾਜਨੀਤੀ 'ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਉਨ੍ਹਾਂ ਕਾਂਗਰਸ ਦੀ ਹਾਈਕਮਾਂਡ ਤੋਂ ਸਵਾਲ ਕੀਤਾ ਕਿ ਕੀ ਦੀਪੇਂਦਰ ਹੁੱਡਾ ਦਾ ਇਹ ਬਿਆਨ ਪਾਰਟੀ ਦੀ ਅਧਿਕਾਰਤ ਸੋਚ ਹੈ? ਉਨ੍ਹਾਂ ਰਾਹੁਲ ਗਾਂਧੀ, ਸੋਨੀਆ ਗਾਂਧੀ, ਪ੍ਰਿਯੰਕਾ ਗਾਂਧੀ ਅਤੇ ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਤੋਂ ਮੰਗ ਕੀਤੀ ਕਿ ਇਸ ਬਿਆਨ 'ਤੇ ਤੁਰੰਤ ਕਾਰਵਾਈ ਕੀਤੀ ਜਾਵੇ ਅਤੇ ਦੀਪੇਂਦਰ ਹੁੱਡਾ ਨੂੰ ਪਾਰਟੀ ਤੋਂ ਬਾਹਰ ਦਾ ਰਸਤਾ ਦਿਖਾਇਆ ਜਾਵੇ। ਉਨ੍ਹਾਂ ਪੰਜਾਬ ਕਾਂਗਰਸ ਦੇ ਨੇਤਾਵਾਂ 'ਤੇ ਵੀ ਨਿਸ਼ਾਨਾ ਸਾਧਦਿਆਂ ਕਿਹਾ ਕਿ ਦੀਪੇਂਦਰ ਹੁੱਡਾ ਦੇ ਬਿਆਨ ਤੋਂ ਬਾਅਦ ਪੰਜਾਬ ਕਾਂਗਰਸ ਦੇ ਵੱਡੇ ਨੇਤਾਵਾਂ ਦੀ ਚੁੱਪੀ ਬੇਹੱਦ ਮੰਦਭਾਗੀ ਹੈ। ਉਨ੍ਹਾਂ ਕਿਹਾ ਕਿ ਲੋਕ ਸਭਾ ਵਿੱਚ ਦੀਪੇਂਦਰ ਹੁੱਡਾ ਨਾਲ ਬੈਠਣ ਵਾਲੇ ਪੰਜਾਬ ਦੇ ਕਾਂਗਰਸੀ ਸੰਸਦ ਮੈਂਬਰਾਂ ਚਰਨਜੀਤ ਸਿੰਘ ਚੰਨੀ, ਸੁਖਜਿੰਦਰ ਸਿੰਘ ਰੰਧਾਵਾ, ਅਮਰਿੰਦਰ ਸਿੰਘ ਰਾਜਾ ਵੜਿੰਗ, ਗੁਰਜੀਤ ਸਿੰਘ ਔਜਲਾ ਅਤੇ ਡਾ. ਅਮਰ ਸਿੰਘ ਵਰਗੇ ਨੇਤਾਵਾਂ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਹ ਇਸ ਬਿਆਨ ਨਾਲ ਸਹਿਮਤ ਹਨ ਜਾਂ ਨਹੀਂ। ਧਾਲੀਵਾਲ ਨੇ ਕਿਹਾ ਕਿ ਜੋ ਨੇਤਾ ਪੰਜਾਬ ਅਤੇ ਸਿੱਖਾਂ ਦੇ ਮੁੱਦਿਆਂ 'ਤੇ ਵੱਡੀਆਂ-ਵੱਡੀਆਂ ਗੱਲਾਂ ਕਰਦੇ ਹਨ, ਇਸ ਮੁੱਦੇ 'ਤੇ ਚੁੱਪੀ ਉਨ੍ਹਾਂ ਦੇ ਦੋਹਰੇ ਮਾਪਦੰਡਾਂ ਨੂੰ ਉਜਾਗਰ ਕਰਦੀ ਹੈ। ਉਨ੍ਹਾਂ ਪੰਜਾਬ ਕਾਂਗਰਸ ਦੇ ਆਗੂਆਂ ਨੂੰ ਕਿਹਾ ਕਿ ਜੇਕਰ ਉਨ੍ਹਾਂ ਦੀ ਜ਼ਮੀਰ ਉਨ੍ਹਾਂ ਨੂੰ ਸਿੱਖਾਂ ਨਾਲ ਖੜ੍ਹੇ ਹੋਣ ਦੀ ਇਜਾਜ਼ਤ ਦਿੰਦੀ ਹੈ, ਤਾਂ ਉਹ ਖੁੱਲ੍ਹ ਕੇ ਦੀਪੇਂਦਰ ਹੁੱਡਾ ਖ਼?ਲਾਫ਼ ਕਾਰਵਾਈ ਦੀ ਮੰਗ ਕਰਨ। ਉਨ੍ਹਾਂ ਕਿਹਾ ਕਿ ਕਾਂਗਰਸ ਆਪਣੀ ਸਥਿਤੀ ਸਪੱਸ਼ਟ ਕਰੇ ਅਤੇ ਪੰਜਾਬ ਦੀ ਜਨਤਾ ਨੂੰ ਦੱਸੇ ਕਿ ਉਹ 1984 ਦੇ ਪੀੜਤ ਸਿੱਖ ਪਰਿਵਾਰਾਂ ਨਾਲ ਖੜ੍ਹੀ ਹੈ ਜਾਂ ਅਜਿਹੇ ਬਿਆਨ ਦੇਣ ਵਾਲੇ ਨੇਤਾਵਾਂ ਨਾਲ। ਧਾਲੀਵਾਲ ਨੇ ਕਿਹਾ ਕਿ ਸਿੱਖ ਭਾਈਚਾਰਾ ਆਪ੍ਰੇਸ਼ਨ ਬਲੂ ਸਟਾਰ, ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਏ ਹਮਲੇ ਅਤੇ 1984 ਵਿੱਚ ਦਿੱਲੀ, ਕਾਨਪੁਰ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਹੋਏ ਸਿੱਖ ਵਿਰੋਧੀ ਹਿੰਸਕ ਘਟਨਾਕ੍ਰਮ ਨੂੰ ਕਦੇ ਨਹੀਂ ਭੁੱਲ ਸਕਦਾ।



# ਨੌਜਵਾਨ ਮਹਿਲਾ ਆਰਕੀਟੈਕਟਸ ਨੇ 'ਸੁਰੱਖਿਅਤ ਨਿਰਮਿਤ ਵਾਤਾਵਰਣ' 'ਤੇ ਪ੍ਰਭਾਵਸ਼ਾਲੀ ਚਰਚਾ ਦੀ ਕੀਤੀ ਅਗਵਾਈ

ਜ਼ਿਕਰ ਪੰਜਾਬ

**ਲੁਧਿਆਣਾ/ਤਮੰਨਾ ਬੇਦੀ**

ਮੰਗਲਵਾਰ ਸ਼ਾਮ ਇੱਥੇ ਆਰਕੀਟੈਕਟਸ ਆਫ ਲੁਧਿਆਣਾ ਵੱਲੋਂ "ਸੁਰੱਖਿਅਤ ਨਿਰਮਿਤ ਵਾਤਾਵਰਣ"ਵਿਸ਼ੇ 'ਤੇ ਨੌਜਵਾਨ ਮਹਿਲਾ ਆਰਕੀਟੈਕਟਸ ਨਾਲ ਕਰਵਾਈ ਗਈ ਪੈਨਲ ਚਰਚਾ ਦੌਰਾਨ ਹਾਲ ਖਚਾਖਚ ਭਰਿਆ ਰਿਹਾ। ਇਸ ਪ੍ਰੋਗਰਾਮ ਵਿੱਚ ਖੇਤਰ ਭਰ ਦੇ ਪ੍ਰਮੁੱਖ ਆਰਕੀਟੈਕਟਸ, ਸਟ੍ਰਕਚਰਲ ਕਨਸਲਟੈਂਟਸ ਅਤੇ ਸਿੱਖਿਆ ਸ਼ਾਸਤਰੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਚਰਚਾ ਦੌਰਾਨ ਆਰਕੀਟੈਕਚਰ ਵਿੱਚ ਸੁਰੱਖਿਆ ਦੀ ਬਦਲਦੀ ਪਰਿਭਾਸ਼ਾ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ, ਜਿਸ ਵਿੱਚ ਢਾਂਚਾਗਤ ਮਜ਼ਬੂਤੀ ਅਤੇ ਆਫ਼ਤਾਂ ਨਾਲ ਨਜਿੱਠਣ ਦੀ ਸਮਰੱਥਾ ਤੋਂ ਲੈ ਕੇ ਜਲਵਾਯੂ ਅਨੁਕੂਲਤਾ, ਨਿਰਮਾਣ ਸਮੱਗਰੀ ਦੀ ਗੁਣਵੱਤਾ ਅਤੇ ਸਮਾਜਿਕ ਸੁਰੱਖਿਆ ਤੱਕ ਦੇ ਪੱਖਾਂ ਨੂੰ ਸ਼ਾਮਲ ਕੀਤਾ ਗਿਆ। ਸੈਸ਼ਨ ਦਾ ਸੁਚੱਜਾ ਸੰਚਾਲਨ ਆਰਕੀਟੈਕਟ ਪੂਜਾ ਵਰਮਾਨੀ ਨੇ ਕੀਤਾ। ਪ੍ਰਮੁੱਖ ਪੈਨਲਿਸਟਾਂ ਵਿੱਚ ਆਰਕੀਟੈਕਟ ਜਸਲੀਨ ਕੌਰ, ਆਰਕੀਟੈਕਟ ਈਸ਼ਾ ਵਿਗ, ਆਰਕੀਟੈਕਟ ਹਰਸਿਮਰਨਜੀਤ ਕੌਰ, ਆਰਕੀਟੈਕਟ ਮੇਧਾ ਕਾਲੀਆ ਅਤੇ ਆਰਕੀਟੈਕਟ ਸਾਂਚੀ ਗੋਇਲ ਸ਼ਾਮਲ ਰਹੇ। ਆਰਕੀਟੈਕਟ ਸਾਂਚੀ ਗੋਇਲ ਨੇ ਥੋੜ੍ਹੇ ਸਮੇਂ ਦੇ ਨੋਟਿਸ 'ਤੇ ਪ੍ਰੋਗਰਾਮ ਵਿੱਚ ਸ਼ਾਮਲ ਹੋ ਕੇ ਵਿਹਾਰਕ ਤਜਰਬਿਆਂ 'ਤੇ ਆਧਾਰਿਤ ਮਹੱਤਵਪੂਰਨ ਵਿਚਾਰ ਸਾਂਝੇ ਕੀਤੇ। ਚਰਚਾ ਦੇ ਮੁੱਖ ਨਤੀਜਿਆਂ ਵਿੱਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਇੱਕ ਸੁਰੱਖਿਅਤ ਨਿਰਮਿਤ ਵਾਤਾਵਰਣ ਵਿੱਚ ਢਾਂਚਾਗਤ ਮਜ਼ਬੂਤੀ, ਅੱਗ ਅਤੇ ਸਿਹਤ ਸੁਰੱਖਿਆ, ਜਲਵਾਯੂ ਪ੍ਰਤੀਰੋਧਕ ਸਮਰੱਥਾ ਅਤੇ ਹਰ ਕਿਸੇ ਲਈ ਸੁਗਮ ਪਹੁੰਚ ਵਰਗੇ ਪੱਖਾਂ ਨੂੰ ਸ਼ਾਮਲ ਕਰਨਾ ਜ਼ਰੂਰੀ ਹੈ। ਪੈਨਲਿਸਟਾਂ ਨੇ ਕਿਹਾ ਕਿ ਸੁਰੱਖਿਆ ਨੂੰ ਬਾਅਦ ਵਿੱਚ ਜੋੜਿਆ ਜਾਣ ਵਾਲਾ ਪੱਖ ਨਹੀਂ ਮੰਨਿਆ ਜਾ ਸਕਦਾ, ਸਗੋਂ ਡਿਜ਼ਾਈਨ ਤੋਂ ਲੈ ਕੇ ਨਿਰਮਾਣ ਮੁਕੰਮਲ ਹੋਣ ਤੱਕ ਇਸ ਨੂੰ ਪ੍ਰਕਿਰਿਆ ਦਾ ਅਟੁੱਟ ਹਿੱਸਾ ਬਣਾਇਆ ਜਾਣਾ ਚਾਹੀਦਾ ਹੈ। ਸਾਈਟ 'ਤੇ ਜਵਾਬਦੇਹੀ ਯਕੀਨੀ ਬਣਾਉਣ ਵਿੱਚ ਆਰਕੀਟੈਕਟਸ ਦੀ ਅਹਿਮ ਭੂਮਿਕਾ ਹੈ। ਸੀਨੀਅਰ ਆਰਕੀਟੈਕਟਸ ਆਰਕੀਟੈਕਟ ਸੰਜੇ ਗੋਇਲ, ਆਰਕੀਟੈਕਟ ਵਿਕਾਸ ਸ਼ਰਮਾ, ਆਰਕੀਟੈਕਟ ਰਾਜਨ ਤਾਂਗਰੀ, ਆਰਕੀਟੈਕਟ ਵਿਕਰਮ ਲਿਖੀ, ਆਰਕੀਟੈਕਟ ਵਰੁਣੇਸ਼ ਕੁਮਾਰ, ਆਰਕੀਟੈਕਟ ਨਿਖਿਲ ਜਿੰਦਲ, ਆਰਕੀਟੈਕਟ ਆਂਚਲ ਗੁਪਤਾ, ਆਰਕੀਟੈਕਟ ਗੁਰਪ੍ਰੀਤ ਸਿੰਘ ਬਰਾੜ, ਆਰਕੀਟੈਕਟ ਜੈਦੀਪ ਅਰੋੜਾ, ਆਰਕੀਟੈਕਟ ਮਨੀ ਤਲਵਾਰ, ਆਰਕੀਟੈਕਟ ਵਿਵੇਕ ਸਹਿਗਲ, ਆਰਕੀਟੈਕਟ ਟੋਨਿਸ਼ ਵਰਮਾ, ਆਰਕੀਟੈਕਟ ਰਵਿੰਦਰ ਸਿੰਘ, ਆਰਕੀਟੈਕਟ ਬਲਜੀਤ ਸਿੰਘ, ਆਰਕੀਟੈਕਟ ਨਵਜੋਤ ਕੌਰ, ਆਰਕੀਟੈਕਟ ਮਹਿਕ ਅਰੋੜਾ, ਆਰਕੀਟੈਕਟ ਅਕਸ਼ੈ ਗੋਇਲ, ਆਰਕੀਟੈਕਟ ਰਣਜੋਤ ਸਿੰਘ, ਆਰਕੀਟੈਕਟ ਈਸ਼ਾਨ ਸਿੰਗਲਾ, ਆਰਕੀਟੈਕਟ ਚਨਪ੍ਰੀਤ ਸਿੰਘ, ਆਰਕੀਟੈਕਟ ਗੁਰਕਰਨ ਸਿੰਘ ਅਤੇ ਆਰਕੀਟੈਕਟ ਪ੍ਰਭਜੋਤ ਸਿੰਘ ਦੀ ਮੌਜੂਦਗੀ ਅਤੇ ਵਿਚਾਰਾਂ ਨੇ ਚਰਚਾ ਨੂੰ ਹੋਰ ਸਮਰੱਥ ਬਣਾਇਆ। ਇਸ ਤੋਂ ਇਲਾਵਾ ਸਟ੍ਰਕਚਰਲ ਕਨਸਲਟੈਂਟਸ ਇੰਜੀਨੀਅਰ ਬੀ. ਐਸ. ਚਾਹਲ, ਇੰਜੀਨੀਅਰ ਰਾਜਵੀਰ ਸਿੰਘ, ਇੰਜੀਨੀਅਰ ਅਮਰਜੀਤ ਸਿੰਘ ਪਾਇਕ ਅਤੇ ਸ਼੍ਰੀ ਸੀਮੈਂਟ ਦੀ ਉਤਸ਼ਾਹੀ ਟੀਮ ਦੇ ਅਭਿਸ਼ੇਕ ਕਾਲਰਾ, ਵਿਜੇ ਕੁਮਾਰ ਸ਼ਰਮਾ, ਤਰੁਣ ਅਗਰਵਾਲ ਅਤੇ ਗਗਨਦੀਪ ਸ਼ਰਮਾ ਨੇ ਆਪਣੇ ਉਤਪਾਦਾਂ ਬਾਰੇ ਜਾਣਕਾਰੀ ਭਰਪੂਰ ਪੇਸ਼ਕਾਰੀ ਦਿੱਤੀ। ਇਸ ਨਾਲ ਡਿਜ਼ਾਈਨ ਦੀ ਪਰਿਕਲਪਨਾ ਅਤੇ ਇੰਜੀਨੀਅਰਿੰਗ ਦੇ ਵਿਹਾਰਕ ਅਮਲ ਵਿਚਕਾਰ ਬਿਹਤਰ ਤਾਲਮੇਲ ਸਥਾਪਿਤ ਕਰਦੇ ਹੋਏ ਸੰਵਾਦ ਨੂੰ ਹੋਰ ਵੀ ਲਾਭਦਾਇਕ ਬਣਾਇਆ ਗਿਆ। ਆਰਕੀਟੈਕਚਰ ਜਗਤ ਵੱਲੋਂ ਮਿਲੇ, ਭਰਪੂਰ ਹੁੰਗਾਰੇ ਨੇ ਮਹੱਤਵਪੂਰਨ ਉਦਯੋਗਿਕ ਮੁੱਦਿਆਂ 'ਤੇ ਨਵੇਂ ਅਤੇ ਨੌਜਵਾਨ ਵਿਚਾਰਾਂ ਨੂੰ ਸਾਹਮਣੇ ਲਿਆਉਣ ਵਾਲੀਆਂ ਅਜਿਹੀਆਂ ਹੋਰ ਚਰਚਾਵਾਂ ਦੀ ਲੋੜ ਨੂੰ ਰੇਖਾਂਕਿਤ ਕੀਤਾ।

ਪ੍ਰੋਗਰਾਮ ਦਾ ਸਮਾਪਨ ਇਸ ਵਚਨਬੱਧਤਾ ਨਾਲ ਹੋਇਆ ਕਿ ਇਨ੍ਹਾਂ ਚਰਚਾਵਾਂ ਨੂੰ ਹੋਰ ਵੱਧ ਮੰਚਾਂ ਤੱਕ ਲਿਜਾਇਆ ਜਾਵੇਗਾ ਅਤੇ ਪੂਰੇ ਪੰਜਾਬ ਵਿੱਚ ਆਰਕੀਟੈਕਚਰਲ ਕਾਰਜਪ੍ਰਣਾਲੀ ਵਿੱਚ ਸੁਰੱਖਿਆ ਨੂੰ ਪ੍ਰਮੁੱਖਤਾ ਨਾਲ ਸਥਾਪਿਤ ਕੀਤਾ ਜਾਵੇਗਾ।



# ਵਿਸ਼ਵ ਅੰਗ ਦਾਨ ਦਿਵਸ ਮੌਕੇ ਲੁਧਿਆਣਾ ਵਿਖੇ ਵਿਸ਼ਾਲ ਕਾਰ ਰੈਲੀ

ਜ਼ਿਕਰ ਪੰਜਾਬ

**ਲੁਧਿਆਣਾ/ਵਿਜੇ**

ਵਿਸ਼ਵ ਅੰਗ ਦਾਨ ਦਿਵਸ ਦੇ ਮੌਕੇ 'ਤੇ, ਆਰ.ਜੀ. ਹਸਪਤਾਲ, ਲੁਧਿਆਣਾ ਵੱਲੋਂ ਅੰਗ ਦਾਨ ਦੀ ਅਹਿਮ ਲੋੜ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਅਤੇ ਜੀਵਨ-ਰੱਖਿਅਕ ਟਰਾਂਸਪਲਾਂਟ ਪ੍ਰਕਿਰਿਆਵਾਂ ਨਾਲ ਜੁੜੇ ਭਰਮਾਂ-ਭੁਲੇਖਿਆਂ ਨੂੰ ਦੂਰ ਕਰਨ ਲਈ ਸ਼ਹਿਰ ਪੱਧਰੀ ਜਾਗਰੂਕਤਾ ਕਾਰ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਰੈਲੀ ਨੂੰ ਮੁੱਖ ਮਹਿਮਾਨ ਡਾ. ਰਮਨਦੀਪ ਕੌਰ, ਮਾਣਯੋਗ ਸਿਵਲ ਸਰਜਨ ਲੁਧਿਆਣਾ, ਵੱਲੋਂ ਆਰ.ਜੀ. ਹਸਪਤਾਲ ਦੇ ਉੱਘੇ ਡਾਕਟਰਾਂ ਅਤੇ ਕਿਡਨੀ ਟਰਾਂਸਪਲਾਂਟ ਕਰਵਾ ਚੁੱਕੇ ਮਰੀਜ਼ਾਂ ਦੀ ਹਾਜ਼ਰੀ ਵਿੱਚ ਫ਼?ਰੋਜ਼ਪੁਰ ਰੋਡ, ਲੁਧਿਆਣਾ ਸਥਿਤ ਆਰ.ਜੀ. ਹਸਪਤਾਲ ਤੋਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਇਹ ਕਾਫ਼ਲਾ ਸ਼ਹਿਰ ਦੇ ਪ੍ਰਮੁੱਖ ਰੂਟਾਂ ਤੋਂ ਹੁੰਦਾ ਹੋਇਆ ਚੰਡੀਗੜ੍ਹ ਰੋਡ, ਲੁਧਿਆਣਾ ਸਥਿਤ ਹੋਟਲ ਰੀਗਲ ਬਲੂ ਵਿਖੇ ਜਾ ਕੇ ਸਮਾਪਤ ਹੋਇਆ। ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਡਾ. ਰਮਨਦੀਪ ਕੌਰ ਨੇ ਸਿਹਤ ਜਾਗਰੂਕਤਾ ਫੈਲਾਉਣ ਵਿੱਚ ਭਾਈਚਾਰਕ ਪਹਿਲਕਦਮੀਆਂ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਨਾਗਰਿਕਾਂ ਨੂੰ ਜਾਗਰੂਕ ਕਰਨ ਅਤੇ ਪੂਰੇ ਜ਼ਿਲ੍ਹੇ ਵਿੱਚ ਅੰਗ ਦਾਨ ਦੇ ਸੰਕਲਪ ਨੂੰ ਉਤਸ਼ਾਹਿਤ ਕਰਨ ਲਈ ਆਰ.ਜੀ. ਹਸਪਤਾਲ ਵੱਲੋਂ ਕੀਤੇ ਗਏ ਸਰਗਰਮ ਯਤਨਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ। ਡਾ. ਸੁਮਨ ਸੇਠੀ, ਡਾਇਰੈਕਟਰ - ਨੈਫ਼ਰੋਲੋਜੀ ਅਤੇ ਕਿਡਨੀ ਟਰਾਂਸਪਲਾਂਟ, ਆਰ.ਜੀ. ਹਸਪਤਾਲ ਨੇ ਟਰਾਂਸਪਲਾਂਟ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਸਾਂਝਾ ਕੀਤਾ ਕਿ ਸਮੇਂ ਸਿਰ ਕਿਡਨੀ ਟਰਾਂਸਪਲਾਂਟ ਕਿਸ ਤਰ੍ਹਾਂ ਅੰਤਿਮ ਪੜਾਅ ਦੇ ਗੁਰਦੇ ਫ਼ੇਲ੍ਹ ਹੋਣ ਵਾਲੇ ਮਰੀਜ਼ਾਂ ਨੂੰ ਨਵਾਂ ਜੀਵਨ ਪ੍ਰਦਾਨ ਕਰਦਾ ਹੈ।

ਇਸ ਵਿੱਚ ਅੱਗੇ ਜੋੜਦਿਆਂ ਡਾ. ਪੁਨੀਤ ਬਾਂਸਲ, ਡਾਇਰੈਕਟਰ - ਯੂਰੋਲੋਜੀ, ਆਰ.ਜੀ. ਹਸਪਤਾਲ, ਲੁਧਿਆਣਾ ਨੇ ਦੱਸਿਆ "ਰੋਬੋਟਿਕ ਅਤੇ ਮਿਨੀਮਲੀ ਇਨਵੇਸਿਵ ਸਰਜਰੀ ਵਿੱਚ ਹੋਈ ਤਰੱਕੀ ਨਾਲ, ਅੰਗ ਦਾਨ ਅਤੇ ਟਰਾਂਸਪਲਾਂਟ ਹੁਣ ਵਧੇਰੇ ਸੁਰੱਖਿਅਤ ਅਤੇ ਸਫ਼ਲ ਹੋ ਗਏ ਹਨ। ਸਾਡਾ ਮਕਸਦ ਪੂਰੇ ਪੰਜਾਬ ਵਿੱਚ ਅੰਗ ਦਾਨੀਆਂ ਅਤੇ ਲੋੜਵੰਦ ਮਰੀਜ਼ਾਂ ਵਿਚਕਾਰ ਪਾੜੇ ਨੂੰ ਪੂਰਨਾ ਹੈ। ਇਕੱਠ ਨੂੰ ਸੰਬੋਧਨ ਕਰਦਿਆਂ ਡਾ. ਰਾਜਿੰਦਰ ਕੇ. ਬਾਂਸਲ, ਮੈਡੀਕਲ ਡਾਇਰੈਕਟਰ, ਆਰ.ਜੀ. ਹਸਪਤਾਲ ਨੇ ਜ਼ੋਰ ਦੇ ਕੇ ਕਿਹਾ "ਇਸ ਰੈਲੀ ਦਾ ਮੁੱਖ ਮਕਸਦ ਲੁਧਿਆਣਾ ਭਰ ਵਿੱਚ ਅੰਗ ਦਾਨ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਹੈ। ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਆਰ.ਜੀ. ਹਸਪਤਾਲ ਨਾਲ ਸਾਂਝੇਦਾਰੀ ਕਰਨ 'ਤੇ ਅਸੀਂ ਪੰਜਾਬ ਜੀਪ ਕਲੱਬ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ। ਸ੍ਰੀ ਅਭਿਜੀਤ ਸਿੰਘ ਸਿੱਧੂ, ਯੂਨਿਟ ਹੈੱਡ, ਆਰ.ਜੀ. ਹਸਪਤਾਲ ਲੁਧਿਆਣਾ ਨੇ ਦੱਸਿਆ ਕਿ ਹਸਪਤਾਲ ਨੇ ਇੱਕ ਸਾਲ ਵਿੱਚ 10 ਕਿਡਨੀ ਟਰਾਂਸਪਲਾਂਟ ਸਫ਼ਲਤਾਪੂਰਵਕ ਮੁਕੰਮਲ ਕੀਤੇ ਹਨ। ਉਨ੍ਹਾਂ ਨੇ ਆਧੁਨਿਕ ਸਹੂਲਤਾਂ ਅਤੇ ਸੁਹਿਰਦ ਦੇਖਭਾਲ ਨਾਲ ਪੰਜਾਬ ਅਤੇ ਆਸ-ਪਾਸ ਦੇ ਖੇਤਰਾਂ ਦੀ ਸੇਵਾ ਕਰਨ ਲਈ ਆਰ.ਜੀ. ਹਸਪਤਾਲ ਦੀ ਵਚਨਬੱਧਤਾ ਨੂੰ ਮੁੜ ਦੁਹਰਾਇਆ। ਆਰ.ਜੀ. ਹਸਪਤਾਲ ਪੰਜਾਬ ਵਿੱਚ ਆਧੁਨਿਕ ਡਾਇਗਨੌਸਟਿਕ, ਸਰਜੀਕਲ ਅਤੇ ਇਲਾਜ ਸੇਵਾਵਾਂ ਪ੍ਰਦਾਨ ਕਰਨ ਵਾਲਾ ਇੱਕ ਪ੍ਰਮੁੱਖ ਸਿਹਤ ਸੰਭਾਲ ਅਦਾਰਾ ਹੈ।

ਜਨਰਲ ਸਰਜਰੀ, ਯੂਰੋਲੋਜੀ, ਨੈਫ਼ਰੋਲੋਜੀ ਅਤੇ ਕਿਡਨੀ ਟਰਾਂਸਪਲਾਂਟੇਸ਼ਨ 'ਤੇ ਵਿਸ਼ੇਸ਼ ਧਿਆਨ ਕੇਂਦਰਿਤ ਕਰਦੇ ਹੋਏ, ਆਰ.ਜੀ. ਹਸਪਤਾਲ ਉੱਚ ਪੱਧਰੀ ਕਲੀਨਿਕਲ ਦੇਖਭਾਲ ਪ੍ਰਦਾਨ ਕਰਨ ਅਤੇ ਸਮੁੱਚੇ ਉੱਤਰੀ ਭਾਰਤ ਵਿੱਚ ਕਮਿਊਨਿਟੀ ਸਿਹਤ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ।



# ਪ੍ਰੋ. ਗੁਰਬਖ਼ਸ਼ ਕੌਰ ਕਾਹਲੋਂ ਰਚਿਤ ਪੁਸਤਕ 'ਕਥਿਹੁ ਅਕਥ ਕਹਾਣੀ' ਲੁਧਿਆਣਾ ਵਿੱਚ ਸੰਗਤ ਅਰਪਣ

ਜ਼ਿਕਰ ਪੰਜਾਬ

**ਲੁਧਿਆਣਾ/ਤਮੰਨਾ ਬੇਦੀ**

ਪੰਜਾਬ ਦੇ ਖੇਤੀਬਾੜੀ ਤੇ ਪਸ਼ੂ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕੈਲੇਫੋਰਨੀਆ(ਅਮਰੀਕਾ ਵਾਸੀ) ਗੁਰਬਖ਼ਸ਼ ਕੌਰ ਕਾਹਲੋਂ ਰਚਿਤ ਪੁਸਤਕ "ਕਥਿਹੁ ਅਕਥ ਕਹਾਣੀ" ਲੁਧਿਆਣਾ ਵਿੱਚ ਸੰਗਤ ਅਰਪਣ ਕਰਦਿਆਂ ਕਿਹਾ ਹੈ ਕਿ ਸ਼੍ਰੀ ਗੁਰੂ ਗ੍ਰੰਥ ਪਰਮਾਤਮਾ ਦੇ ਸਰੂਪ ਬਾਰੇ ਬਿਆਨ ਕੀਤੀ ਅਕੱਥ ਦੀ ਕਹਾਣੀ ਨੂੰ ਆਸਾਨ ਭਾਸ਼ਾ ਵਿੱਚ ਲਿਖਣਾ ਬੇਹੱਦ ਸ਼ਲਾਘਾ ਯੋਗ ਕਾਰਜ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂਯੂਨੀਵਰਸਿਟੀਆਂ ਤੇ ਕਾਲਜਾਂ ਵਿੱਚ ਸੇਵਾ ਨਿਭਾਉਣ ਉਪਰੰਤ 1977 ਤੋਂ ਅਮਰੀਕਾ ਵੱਸਦੇ ਬੀਬੀ ਜੀ ਗੁਰਬਖ਼ਸ਼ ਕੌਰ ਕਾਹਲੋਂ ਦੀ ਇਹ ਲਿਖਤ ਸਾਡਾ ਪੰਜਾਬੀਆਂ ਦਾ ਰਾਹ ਰੁਸ਼ਨਾਵੇਗੀ। ਗੁਰਮਤਿ ਗਾਡੀਰਾਹ ਤੇ ਤੁਰਦਿਆਂ ਅਨੇਕਾਂ ਪ੍ਰਸ਼ਨ ਸਾਡੇ ਸਾਹਮਣੇ ਆਣ ਖਲੋਂਦੇ ਹਨ ਜਿੰਨ੍ਹਾਂ ਦਾ ਉੱਤਰ ਗੁਰਬਾਣੀ ਸਪਸ਼ਟ ਰੂਪ ਲਿੱਚ ਦੇਂਦੀ ਹੈ ਪਰ ਵਿਦਵਾਨ ਲੋਕਾਂ ਦੀ ਗੁੰਝਲਦਾਰ ਭਾਸ਼ਾ ਕਾਰਨ ਸਾਡੇ ਲਈ ਅਣਸੁਲਝੇ ਸਵਾਲ ਰਹਿ ਜਾਂਦੇ ਹਨ। ਉਨ੍ਹਾਂ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਦਾ ਧੰਨਵਾਦ ਕੀਤਾ ਜਿਹੜੇ ਹਰ ਫੇਰੀ ਤੇ ਮੈਨੂੰ ਪੁਸਤਕਾਂ ਦੇ ਕੇ ਨਿਵਾਜਦੇ ਹਨ। ਅੱਜ ਵੀ ਇਸ ਕਿਤਾਬ ਤੋਂ ਇਲਾਵਾ ਉਨ੍ਹਾਂ ਨੇ ਮੈਨੂੰ ਖ਼ਾਲਸਾ ਕਾਲਿਜ ਅੰਮ੍ਰਿਤਸਰ ਦੇ ਵਿਸ਼ਵ ਪ੍ਰਸਿੱਧ ਆਰਕੀਟੈਕਟ ਭਾਈ ਰਾਮ ਸਿੰਘ ਜੀ ਬਾਰੇ ਸੱਚਲ ਪ੍ਰਕਾਸ਼ਨ ਅੰਮ੍ਰਿਤਸਰ ਵੱਲੋਂ ਛਾਪੀ ਪੁਸਤਕ ਤੋਂ ਇਲਾਵਾ ਪ੍ਰਸਿੱਧ ਕਲਾਕਾਰ ਡਾ. ਜਸਵਿੰਦਰ ਭੱਲਾ ਬਾਰੇ ਬਾਲ ਮੁਕੰਦ ਸ਼ਰਮਾ ਤੇ ਪਾਲੀ ਭੁਪਿੰਦਰ ਸਿੰਘ ਵੱਲੋਂ ਲਿਖੀ ਕਿਤਾਬ ਤੋਂ ਇਲਾਵਾ ਕੁਝ ਹੋਰ ਪੁਸਤਕਾਂ ਵੀ ਭੇਂਟ ਕੀਤੀਆਂ ਹਨ। ਇਸ ਮੌਕੇ (ਸਿਡਨੀ) ਆਸਟ੍ਰੇਲੀਆ ਤੋਂ ਭਾਰਤ ਫੇਰੀ ਤੇ ਆਏ ਸ. ਪ੍ਰਭਜੋਤ ਸਿੰਘ ਸੰਧੂ ਨੇ ਵੀ ਖੇਤੀਬਾੜੀ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨਾਲ ਪੰਜਾਬ ਦੇ ਖੇਤੀ ਅਰਥਚਾਰੇ ਦੇ ਵਿਕਾਸ ਲਈ ਕੁਝ ਠੋਸ ਸੁਝਾਅ ਦਿੱਤੇ। ਇਸ ਮੌਕੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਵੱਲੋਂ ਪ੍ਰਭਜੋਤ ਸਿੰਘ ਸੰਧੂ ਨੂੰ ਪੁਸਤਕਾਂ ਦਾ ਸੈੱਟ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਸ. ਗੁਰਮੀਤ ਸਿੰਘ ਖੁੱਡੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੁਰਮਤਿ ਮਾਰਗ ਦੀ ਸਹੀ ਤੇ ਸੁਖੈਨ ਵਿਆਖਿਆ ਵਾਲੀ ਪੁਸਤਕ ਦਾ ਉਨ੍ਹਾਂ ਵਰਗੇ ਨਿੱਤ ਨੇਮੀ ਆਦਮੀ ਵੱਲੋਂ ਹੋਣਾ ਯਕੀਨਨ ਬਖਸ਼ਿਸ਼ ਵਾਂਗ ਹੈ ਕਿਉਂ ਕੱਲ੍ਹ ਹੀ ਇਹ ਪੁਸਤਕ ਸਿੰਘ ਬਰਦਰਜ਼ ਅੰਮ੍ਰਿਤਸਰ ਦੇ ਮਾਲਕ ਸ. ਗੁਰਸਾਗਰ ਸਿੰਘ ਵੱਲੋਂ ਮੈਨੂੰ ਪ੍ਰਾਪਤ ਹੋਈ ਹੈ। ਇਸ ਮੌਕੇ ਸਰਬੱਤ ਦਾ ਭਲਾ ਟਰਸਟ ਦੇ ਲੁਧਿਆਣਾ ਵਿੱਚ ਰੂਹੇ ਰਵਾਂ ਸ, ਜਸਵੰਤ ਸਿੰਘ ਛਾਪਾ ਤੇ ਕੁਝ ਹੋਕ ਸ਼ਖਸੀਅਤਾਂ ਹਾਜ਼ਰ ਸਨ।

# ਜ਼ਿਲ੍ਹਾ ਪ੍ਰਸ਼ਾਸਨ ਤੇ ਵਰਧਮਾਨ ਸਟੀਲਜ਼ ਦੀ ਸਾਂਝੀ ਪਹਿਲ ਤਹਿਤ 'ਸਿਹਤ ਸੇਵਿਕਾ' ਪ੍ਰੋਜੈਕਟ ਦੀ ਸ਼ੁਰੂਆਤ, 50 ਸਿਹਤ ਸੇਵਕਾਂ ਨੂੰ ਮਿਲੇਗੀ ਵਿਸ਼ੇਸ਼ ਸਿਖਲਾਈ

## 'ਸਿਹਤ ਸੇਵਿਕਾ' ਨਾਲ ਸਿਹਤ ਸਹਾਇਤਾ ਦੇ ਨਾਲ ਰੁਜ਼ਗਾਰ ਦੇ ਮੌਕੇ ਵੀ ਵਧਣਗੇ: ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ

ਜ਼ਿਕਰ ਪੰਜਾਬ

**ਲੁਧਿਆਣਾ/ਇੰਦਰਜੀਤ**

ਵਰਧਮਾਨ ਸਪੈਸ਼ਲ ਸਟੀਲਜ਼ ਲਿਮਟਿਡ (ਵੀ. ਐਸ. ਐਸ. ਐਲ.) ਨੇ ਜ਼ਿਲ੍ਹਾ ਪ੍ਰਸ਼ਾਸਨ ਲੁਧਿਆਣਾ ਅਤੇ ਬਹਾਰ ਫਾਊਂਡੇਸ਼ਨ ਦੇ ਸਹਿਯੋਗ ਨਾਲ ਆਪਣੇ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀ. ਐਸ. ਆਰ.) ਪ੍ਰੋਗਰਾਮ 'ਸਵਸਥ ਸਮਾਜ' ਤਹਿਤ ਅੱਜ 'ਸਿਹਤ ਸੇਵਿਕਾ' ਪ੍ਰੋਜੈਕਟ ਦੀ ਸ਼ੁਰੂਆਤ ਕੀਤੀ। ਇਸ ਪਹਿਲਕਦਮੀ ਦਾ ਉਦੇਸ਼ ਲੋੜਵੰਦ ਲੋਕਾਂ ਤੱਕ ਮੁੱਢਲੀਆਂ ਸਿਹਤ ਸੇਵਾਵਾਂ ਦੀ ਪਹੁੰਚ ਯਕੀਨੀ ਬਣਾਉਣਾ ਅਤੇ ਸਿਹਤ ਜਾਗਰੂਕਤਾ ਨੂੰ ਮਜ਼ਬੂਤ ਕਰਨਾ ਹੈ। ਇਸ ਪ੍ਰੋਜੈਕਟ ਤਹਿਤ 50 ਸਿਹਤ ਸੇਵਕਾਂ ਨੂੰ ਵਿਸ਼ੇਸ਼ ਸਿਖਲਾਈ ਦਿੱਤੀ ਜਾਵੇਗੀ। ਸਿਖਲਾਈ ਪ੍ਰਾਪਤ ਸਿਹਤ ਸੇਵਕਾਂ ਨੂੰ ਮਰੀਜ਼ਾਂ ਦੀ ਮੁੱਢਲੀ ਜਾਂਚ ਅਤੇ ਸਿਹਤ ਸਬੰਧੀ ਜ਼ਰੂਰੀ ਸਹਾਇਤਾ ਪ੍ਰਦਾਨ ਕਰਨ ਲਈ ਡਾਕਟਰੀ ਉਪਕਰਣਾਂ ਨਾਲ ਲੈਸ ਮੁਫ਼ਤ ਮੈਡੀਕਲ ਕਿੱਟਾਂ ਵੀ ਮੁਹੱਈਆ ਕਰਵਾਈਆਂ ਜਾਣਗੀਆਂ। ਇਸ ਪ੍ਰੋਜੈਕਟ ਨੂੰ ਵਰਧਮਾਨ ਸਟੀਲਜ਼ ਲੁਧਿਆਣਾ ਵੱਲੋਂ 9 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਗਈ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਹਿਮਾਂਸ਼ੂ ਜੈਨ, ਆਈ.ਏ.ਐਸ. ਨੇ ਵਰਧਮਾਨ ਸਪੈਸ਼ਲ ਸਟੀਲਜ਼ ਲਿਮਟਿਡ ਦੇ ਚੇਅਰਮੈਨ ਸ੍ਰੀ ਸਚਿਤ ਜੈਨ ਅਤੇ ਸ੍ਰੀਮਤੀ ਸੌਮਿਆ ਜੈਨ ਦੀ ਅਗਵਾਈ ਹੇਠ ਲੋੜਵੰਦ ਲੋਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ 'ਸਿਹਤ ਸੇਵਿਕਾ' ਵਰਗੀਆਂ ਪਹਿਲਕਦਮੀਆਂ ਲੋਕਾਂ ਨੂੰ ਸਮੇਂ ਸਿਰ ਮੁੱਢਲੀ ਸਿਹਤ ਸਹਾਇਤਾ ਪ੍ਰਦਾਨ ਕਰਨ ਦੇ ਨਾਲ-ਨਾਲ ਸਿਖਲਾਈ ਪ੍ਰਾਪਤ ਸਿਹਤ ਸੇਵਕਾਂ ਲਈ ਰੁਜ਼ਗਾਰ ਅਤੇ ਰੋਜ਼ੀ-ਰੋਟੀ ਦੇ ਮੌਕੇ ਪੈਦਾ ਕਰਨ ਵਿੱਚ ਵੀ ਸਹਾਇਕ ਸਾਬਤ ਹੋਣਗੀਆਂ। ਵਰਧਮਾਨ ਸਪੈਸ਼ਲ ਸਟੀਲਜ਼ ਲਿਮਟਿਡ ਦੇ ਸੀ.ਐਸ.ਆਰ. ਮੁਖੀ ਸ੍ਰੀ ਅਮਿਤ ਧਵਨ ਨੇ ਦੱਸਿਆ ਕਿ ਕੰਪਨੀ ਵੱਲੋਂ ਸਮਾਜ ਦੇ ਲੋੜਵੰਦ ਵਰਗਾਂ ਦੀ ਸਿਹਤ ਸੰਭਾਲ ਲਈ ਲਗਾਤਾਰ ਵੱਖ-ਵੱਖ ਪ੍ਰੋਜੈਕਟ ਚਲਾਏ ਜਾ ਰਹੇ ਹਨ। ਇਨ੍ਹਾਂ ਵਿੱਚ ਅੱਖਾਂ ਦੇ ਮੋਤੀਆਬਿੰਦ ਦੀਆਂ ਮੁਫ਼ਤ ਸਰਜਰੀਆਂ, ਮਹਿਲਾਵਾਂ ਲਈ ਮੁਫ਼ਤ ਮਾਹਵਾਰੀ ਸਿਹਤ ਸਹਾਇਤਾ, ਨਕਲੀ ਅੰਗ ਮੁਹੱਈਆ ਕਰਵਾਉਣ ਸਮੇਤ ਹੋਰ ਸਿਹਤ ਸੰਭਾਲ ਪ੍ਰੋਗਰਾਮ ਸ਼ਾਮਲ ਹਨ। ਡਿਪਟੀ ਕਮਿਸ਼ਨਰ ਸ੍ਰੀ ਹਿਮਾਂਸ਼ੂ ਜੈਨ ਨੇ ਸੀ.ਐਸ.ਆਰ. ਮੁਖੀ ਸ੍ਰੀ ਅਮਿਤ ਧਵਨ ਦੀ ਵੀ ਜ਼ਿਲ੍ਹਾ ਪ੍ਰਸ਼ਾਸਨ ਨਾਲ ਮਿਲ ਕੇ ਹਰ ਸੀ.ਐਸ.ਆਰ. ਪਹਿਲਕਦਮੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਕੀਤੇ ਜਾ ਰਹੇ ਯਤਨਾਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰੀ ਅਤੇ ਨਿੱਜੀ ਸੰਸਥਾਵਾਂ ਦੇ ਸਾਂਝੇ ਯਤਨਾਂ ਨਾਲ ਸਮਾਜ ਦੇ ਕਮਜ਼ੋਰ ਵਰਗਾਂ ਤੱਕ ਸਿਹਤ ਸੇਵਾਵਾਂ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਈਆਂ ਜਾ ਸਕਦੀਆਂ ਹਨ।



# ਪਲਾਂਟ 'ਚ ਬਾਇਲਰ ਫਟਣ ਨਾਲ ਲੱਗੀ ਅੱਗ

ਜ਼ਿਕਰ ਪੰਜਾਬ

**ਮੋਹਾਲੀ** : ਮੋਹਾਲੀ ਦੇ ਮੁਬਾਰਕਪੁਰ ਵਿੱਚ ਐੱਨਐਚ ਲੁੱਕ ਪਲਾਂਟ ਵਿੱਚ ਐਤਵਾਰ ਦੁਪਹਿਰ ਨੂੰ ਇੱਕ ਬਾਇਲਰ ਫਟਣ ਤੋਂ ਬਾਅਦ ਭਿਆਨਕ ਅੱਗ ਲੱਗ ਗਈ। ਘਟਨਾ ਸਮੇਂ ਪਲਾਂਟ ਵਿੱਚ ਲਗਭਗ 40 ਕਾਮੇ ਕੰਮ ਕਰ ਰਹੇ ਸਨ। ਬਾਇਲਰ ਵਿੱਚ ਹੋਏ ਜ਼ੋਰਦਾਰ ਧਮਾਕੇ ਕਾਰਨ ਮਜ਼ਦੂਰਾਂ ਵਿੱਚ ਦਹਿਸ਼ਤ ਫੈਲ ਗਈ, ਸਾਰੀਆਂ ਨੇ ਭੱਜ ਕੇ ਆਪਣੀ ਜਾਨ ਬਚਾਈ। ਹਾਦਸੇ ਵਿੱਚ ਕੋਈ ਜ਼ਖਮੀ ਨਹੀਂ ਹੋਇਆ। ਪਲਾਂਟ ਵਿੱਚ ਕੰਮ ਆਮ ਵਾਂਗ ਚੱਲ ਰਿਹਾ ਸੀ। ਅਚਾਨਕ, ਦੁਪਹਿਰ ਦੇ ਕਰੀਬ, ਬਾਇਲਰ ਵਿੱਚ ਇੱਕ ਵੱਡਾ ਧਮਾਕਾ ਹੋਇਆ। ਧਮਾਕੇ ਤੋਂ ਤੁਰੰਤ ਬਾਅਦ, ਅੱਗ ਲੱਗ ਗਈ। ਜਿਸ ਨੇ ਪਲਾਂਟ ਦੇ ਇੱਕ ਵੱਡੇ ਹਿੱਸੇ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਧਮਾਕੇ ਦੀ ਆਵਾਜ਼ ਸੁਣ ਕੇ, ਉੱਥੇ ਮੌਜੂਦ ਕਰਮਚਾਰੀ ਘਬਰਾ ਗਏ ਅਤੇ ਸੁਰੱਖਿਆ ਲਈ ਭੱਜ ਗਏ। ਘਟਨਾ ਦੀ ਸੂਚਨਾ ਤੁਰੰਤ ਫਾਇਰ ਬ੍ਰਿਗੇਡ ਨੂੰ ਦਿੱਤੀ ਗਈ। ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ ਦੀਆਂ ਟੀਮਾਂ ਫਾਇਰ ਇੰਜਣਾਂ ਨਾਲ ਮੌਕੇ 'ਤੇ ਪਹੁੰਚੀਆਂ ਅਤੇ ਅੱਗ ਬੁਝਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਕਾਫ਼ੀ ਕੋਸ਼ਿਸ਼ਾਂ ਤੋਂ ਬਾਅਦ, ਫਾਇਰ ਬ੍ਰਿਗੇਡ ਦੀ ਟੀਮ ਨੇ ਅੱਗ 'ਤੇ ਪੂਰੀ ਤਰ੍ਹਾਂ ਕਾਬੂ ਪਾ ਲਿਆ। ਸ਼ੁਕਰ ਹੈ ਕਿ ਹਾਦਸੇ ਸਮੇਂ ਪਲਾਂਟ ਵਿੱਚ ਮੌਜੂਦ ਲਗਭਗ 40 ਕਰਮਚਾਰੀ ਸੁਰੱਖਿਅਤ ਬਚ ਗਏ ਅਤੇ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਇਸ ਹਾਦਸੇ ਤੋਂ ਬਾਅਦ ਪ੍ਰਸ਼ਾਸਨ ਅਤੇ ਪਲਾਂਟ ਪ੍ਰਬੰਧਨ ਤੁਰੰਤ ਚੌਕਸ ਹੋ ਗਿਆ ਸੀ। ਫਾਇਰ ਬ੍ਰਿਗੇਡ ਦੀ ਟੀਮ ਦੀ ਕਰੜੀ ਕੋਸ਼ਿਸ਼ ਤੋਂ ਬਾਅਦ ਅੱਗ 'ਤੇ ਕਾਬੂ ਪਾ ਲਿਆ ਗਿਆ।

# ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਲਏ ਗਏ ਅਹਿਮ ਫੈਸਲੇ

- ਬੰਦੀ ਸਿੰਘਾਂ ਦੀ ਚੜ੍ਹਦੀ ਕਲਾ ਅਤੇ ਰਿਹਾਈ ਲਈ ਸਮੂਹ ਗੁਰਦੁਆਰਾ ਸਾਹਿਬਾਨ ਵਿਖੇ 29 ਅਗਸਤ ਨੂੰ ਹੋਣਗੇ ਅਰਦਾਸ ਸਮਾਗਮ : ਐਡਵੋਕੇਟ ਧਾਮੀ
- ਭਾਈ ਗੁਰਦਾਸ ਜੀ ਤੇ ਸ਼ਹੀਦ ਭਾਈ ਮਨੀ ਸਿੰਘ ਦੇ ਯਾਦਗਾਰੀ ਅਸਥਾਨ ਬਨਾਉਣ ਅਤੇ ਭਾਈ ਜਸਵੰਤ ਸਿੰਘ ਖਾਲੜਾ ਦੀ ਯਾਦਗਾਰ ਉਸਾਰਨ ਨੂੰ ਵੀ ਦਿੱਤੀ ਪ੍ਰਵਾਨਗੀ

**ਅੰਮ੍ਰਿਤਸਰ** : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਭਾਈ ਗੁਰਦਾਸ ਜੀ ਤੇ ਸ਼ਹੀਦ ਭਾਈ ਮਨੀ ਸਿੰਘ ਦੇ ਯਾਦਗਾਰੀ ਅਸਥਾਨ ਬਨਾਉਣ, ਬੰਦੀ ਸਿੰਘਾਂ ਦੀ ਚੜ੍ਹਦੀ ਕਲਾ ਅਤੇ ਰਿਹਾਈ ਲਈ ਸਮੂਹ ਗੁਰਦੁਆਰਾ ਸਾਹਿਬਾਨ ਅੰਦਰ 29 ਅਗਸਤ 2026 ਨੂੰ ਸ੍ਰੀ ਅਖੰਡ ਪਾਠ ਸਾਹਿਬ ਭੋਗ ਪਾ ਕੇ ਸਮੂਹ ਅਰਦਾਸ ਕਰਨ, ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਹਰੀਕੇ ਪੱਤਣ ਵਿਖੇ ਯਾਦਗਾਰ ਬਣਾਉਣ ਦੀ ਪ੍ਰਵਾਨਗੀ ਸਮੇਤ ਕਈ ਅਹਿਮ ਫੈਸਲੇ ਕੀਤੇ ਗਏ। ਹੋਏ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਅੱਜ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਸਿੱਖ ਇਤਿਹਾਸ ਅੰਦਰ ਅਹਿਮ ਸਥਾਨ ਰੱਖਣ ਵਾਲੀਆਂ ਸ਼ਖ਼ਸੀਅਤਾਂ ਭਾਈ ਗੁਰਦਾਸ ਜੀ ਅਤੇ ਸ਼ਹੀਦ ਭਾਈ ਮਨੀ ਸਿੰਘ ਜੀ ਸਬੰਧੀ ਸ੍ਰੀ ਦਰਬਾਰ ਸਾਹਿਬ ਸਮੂਹ ਯਾਦਗਾਰੀ ਅਸਥਾਨ ਬਨਾਉਣ ਦਾ ਸਿਧਾਂਤਕ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਈ ਗੁਰਦਾਸ ਜੀ ਅਤੇ ਸ਼ਹੀਦ ਭਾਈ ਮਨੀ ਸਿੰਘ ਜੀ ਦਾ ਸਿੱਖ ਇਤਿਹਾਸ ਅੰਦਰ ਵੱਡਾ ਅਸਥਾਨ ਹੈ ਅਤੇ ਉਨ੍ਹਾਂ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੀ ਵੱਡੀਆਂ ਸੇਵਾਵਾਂ ਨਿਭਾਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਇਹ ਯਾਦਗਾਰੀ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਜੀ ਦੇ ਦੋਵੇਂ ਪਾਸੇ ਤਿਆਰ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਅੰਤ੍ਰਿੰਗ ਕਮੇਟੀ ਨੇ ਬੰਦੀ ਸਿੰਘਾਂ ਦੀ ਚੜ੍ਹਦੀ ਕਲਾ ਅਤੇ ਰਿਹਾਈ ਲਈ ਸਮੂਹ ਗੁਰਦੁਆਰਾ ਸਾਹਿਬਾਨ ਅੰਦਰ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ ਅਤੇ ਸਮੂਹਕ ਅਰਦਾਸ ਕਰਨ ਦਾ ਫੈਸਲਾ ਕੀਤਾ ਹੈ। 27 ਅਗਸਤ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਕੇ 29 ਅਗਸਤ ਨੂੰ ਭੋਗ ਪਾਏ ਜਾਣਗੇ ਅਤੇ ਬੰਦੀ ਸਿੰਘਾਂ ਦੀ ਚੜ੍ਹਦੀ ਕਲਾ ਲਈ ਸਮੂਹਿਕ ਤੌਰ 'ਤੇ ਅਰਦਾਸ ਕੀਤੀ ਜਾਵੇਗੀ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਸਮੂਹ ਵਿਦਿਅਕ ਅਦਾਰਿਆਂ ਅਤੇ ਟਰੱਸਟਾਂ ਵਿਚ ਵੀ 29 ਅਗਸਤ ਨੂੰ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਕੇ ਬੰਦੀ ਸਿੰਘਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਭਾਈ ਜਗਤਾਰ ਸਿੰਘ ਹਵਾਰਾ ਨੂੰ ਤੁਰੰਤ ਪੈਰੋਲ ਦੇਣ ਦੀ ਵੀ ਮੰਗ ਕੀਤੀ ਗਈ ਹੈ। ਭਾਈ ਹਵਾਰਾ ਦੀ ਬਜ਼ੁਰਗ ਮਾਤਾ ਗੰਭੀਰ ਬਿਮਾਰ ਹਨ। ਉਨ੍ਹਾਂ ਵੱਲੋਂ ਆਪਣੀ ਬਿਮਾਰ ਮਾਤਾ ਨੂੰ ਮਿਲਣ ਲਈ ਮੰਗੀ ਪੈਰੋਲ 'ਤੇ ਸਰਕਾਰ ਦਾ ਰੁਖ਼ ਬੇਹੱਦ ਨਿਰਾਸ਼ਾ ਵਾਲਾ ਹੈ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੇ ਮਾਮਲੇ ਵਿਚ ਸਰਕਾਰਾਂ ਵੱਲੋਂ ਨਾ-ਇਨਸਾਫ਼ੀ ਹੋ ਰਹੀ ਹੈ। ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਤਬਦੀਲੀ ਦਾ ਮਾਮਲਾ ਵੀ ਸਰਕਾਰ ਵੱਲੋਂ ਕਿਸੇ ਪਾਸੇ ਨਹੀਂ ਲਗਾਇਆ ਜਾ ਰਿਹਾ। ਭਾਈ ਰਾਜੋਆਣਾ ਦੇ ਮਾਮਲੇ ਪ੍ਰਤੀ ਸਰਕਾਰ ਅਤੇ ਅਦਾਲਤਾਂ ਦੀ ਪਹੁੰਚ ਹਮੇਸ਼ਾ ਨਿਰਾਸ਼ਾਜਨਕ ਹੀ ਰਹੀ ਹੈ, ਜੋ ਵੱਡੀ ਚਿੰਤਾ ਵਾਲੀ ਗੱਲ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਸਬੰਧੀ ਹਰੀਕੇ ਪੱਤਣ ਵਿਖੇ ਕਰਵਾਏ ਗਏ ਸਮਾਗਮ ਸਮੇਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੋਏ ਆਦੇਸ਼ ਅਨੁਸਾਰ ਭਾਈ ਖਾਲੜਾ ਸਬੰਧੀ ਯਾਦਗਾਰ ਉਸਾਰਨ ਨੂੰ ਵੀ ਸਿਧਾਂਤਕ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਜਗ੍ਹਾ ਦੀ ਚੋਣ ਕਰਕੇ ਜਲਦ ਸ਼ੁਰੂਆਤ ਕੀਤੀ ਜਾਵੇਗੀ। ਇਸ ਤੋਂ ਇਲਾਵਾ ਅੰਤ੍ਰਿੰਗ ਕਮੇਟੀ ਨੇ ਸਿੱਖ ਕਤਲੇਆਮ ਦੇ ਦੋਸ਼ੀ ਕਾਂਗਰਸੀ ਆਗੂ ਸੱਜਣ ਕੁਮਾਰ ਦੀ ਮੌਤ ਮਗਰੋਂ ਕਾਂਗਰਸ ਪਾਰਟੀ ਦੇ ਲੀਡਰਾਂ ਵੱਲੋਂ ਉਸ ਦੀ ਕੀਤੀ ਜਾ ਰਹੀ ਪ੍ਰਸ਼ੰਸਾ ਦੀ ਵੀ ਨਿੰਦਾ ਕੀਤੀ। ਐਡਵੋਕੇਟ ਧਾਮੀ ਨੇ ਕਿਹਾ ਕਿ ਨਿਰਦੋਸ਼ ਸਿੱਖਾਂ ਦੇ ਕਾਤਲ ਵਿਅਕਤੀਆਂ ਨੂੰ ਕਾਂਗਰਸ ਪਾਰਟੀ ਵੱਲੋਂ ਉੱਚ ਸਿਆਸੀ ਅਹੁਦੇ ਦੇ ਕੇ ਨਿਵਾਜਣਾ ਅਤੇ ਹੁਣ ਕੀਤੀ ਜਾ ਰਹੀ ਪ੍ਰਸ਼ੰਸਾ ਕਾਂਗਰਸ ਦੀ ਸਿੱਖਾਂ ਪ੍ਰਤੀ ਸੋਚ ਦਾ ਪ੍ਰਗਟਾਵਾ ਹੈ। ਚਾਹੀਦਾ ਤਾਂ ਇਹ ਸੀ ਕਿ ਸਮੇਂ ਸਿਰ ਸੱਜਣ ਕੁਮਾਰ ਸਮੇਤ ਸਿੱਖ ਕਤਲੇਆਮ ਦੇ ਹਰ ਦੋਸ਼ੀ ਨੂੰ ਫਾਂਸੀ ਵਰਗੀਆਂ ਸਖ਼ਤ ਸਜ਼ਾਵਾਂ ਮਿਲਦੀਆਂ, ਤਾਂ ਜੋ ਪੀੜਤਾਂ ਨੂੰ ਧਰਵਾਸ ਮਿਲਦਾ। ਅੰਤ੍ਰਿੰਗ ਕਮੇਟੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ 'ਤੇ ਹੋਏ ਹਮਲੇ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਗਈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਹਰ ਸਿੱਖ ਸ਼ਰਧਾ ਭਾਵਨਾ ਨਾਲ ਗੁਰੂ ਘਰ ਨਤਮਸਤਕ ਹੋਣ ਪੁੱਜਦਾ ਹੈ ਅਤੇ ਕਿਸੇ ਸ਼ਰਧਾਲੂ 'ਤੇ ਹਮਲਾ ਕਰਨਾ ਗੁਰੂ ਘਰ ਦੀ ਮਰਯਾਦਾ ਦੀ ਵੀ ਉਲੰਘਣਾ ਹੈ। ਅਜਿਹੀ ਕਿਸੇ ਵੀ ਘਟਨਾ ਦੀ ਕਰੜੀ ਨਿੰਦਾ ਕੀਤੀ ਜਾਣੀ ਚਾਹੀਦੀ ਹੈ। ਅੰਤ੍ਰਿੰਗ ਕਮੇਟੀ ਨੇ ਕੈਨੇਡਾ ਦੇ ਐਡਮਨਟਨ ਵਿਖੇ ਗੁਰਦੁਆਰਾ ਨਾਨਕਸਰ ਸਾਹਿਬ 'ਚ ਇਕ ਵਿਅਕਤੀ ਵੱਲੋਂ ਸੇਵਾਦਾਰਾਂ 'ਤੇ ਹਮਲਾ ਕਰਕੇ ਜ਼ਖ਼ਮੀ ਕਰਨ ਦੀ ਘਟਨਾ ਦੀ ਵੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ। ਐਡਵੋਕੇਟ ਧਾਮੀ ਨੇ ਕਿਹਾ ਕਿ ਵਿਦੇਸ਼ਾਂ ਅੰਦਰ ਗੁਰਦੁਆਰਾ ਸਾਹਿਬਾਨ ਵਿਚ ਅਜਿਹੀਆਂ ਘਟਨਾਵਾਂ ਦਾ ਵਾਪਰਨਾ ਵੱਡੀ ਚਿੰਤਾ ਵਾਲੀ ਗੱਲ ਹੈ। ਉਨ੍ਹਾਂ ਸਰਕਾਰ ਅਤੇ ਪ੍ਰਸ਼ਾਸਨ ਨੂੰ ਦੋਸ਼ੀ ਵਿਅਕਤੀ ਖਿਲਾਫ਼ ਸਖ਼ਤ ਕਾਰਵਾਈ ਲਈ ਵੀ ਆਖਿਆ। ਅੰਤ੍ਰਿੰਗ ਕਮੇਟੀ ਨੇ ਮੀਰੀ ਪੀਰੀ ਮੈਡੀਕਲ ਕਾਲਜ ਸ਼ਾਹਬਾਦ ਮਾਰਕੰਡਾ ਲਈ 2.5 ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਦੇਣ ਨੂੰ ਵੀ ਪ੍ਰਵਾਨਗੀ ਦਿੱਤੀ। ਇਸ ਦੇ ਨਾਲ ਹੀ ਗੁਰਦੁਆਰਾ ਸਾਹਿਬਾਨ, ਟਰੱਸਟ, ਵਿਦਿਆ ਅਤੇ ਹੋਰ ਦਫ਼ਤਰੀ ਕਾਰਜਾਂ ਨੂੰ ਪ੍ਰਵਾਨਗੀਆਂ ਦਿੱਤੀਆਂ ਗਈਆਂ। ਇਸ ਮੌਕੇ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸ਼੍ਰੋਮਣੀ ਕਮੇਟੀ ਦੇ ਮੈਂਬਰ ਸ. ਗੁਰਮੇਲ ਸਿੰਘ ਸੰਗਤਪੁਰਾ, ਸ. ਭੁਪਿੰਦਰ ਸਿੰਘ ਅਨੰਦ ਤੇ ਅਮਰੀਕਾ ਨਿਵਾਸੀ ਸ. ਗੁਰਇਕਪ੍ਰੀਤ ਸਿੰਘ (ਗੰਡਾ ਸਿੰਘ ਵਾਲਾ) ਸਬੰਧੀ ਮੂਲਮੰਤਰ ਤੇ ਗੁਰਮੰਤਰ ਦਾ ਜਾਪ ਕਰਕੇ ਵਿਛੜੀ ਰੂਹਾਂ ਨਮਿਤ ਅਰਦਾਸ ਕੀਤੀ ਗਈ। ਇਕੱਤਰਤਾ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ, ਸ. ਸੁਰਜੀਤ ਸਿੰਘ ਗੜ੍ਹੀ, ਸ. ਸੁਰਜੀਤ ਸਿੰਘ ਤੁਗਲਵਾਲ, ਸ. ਸੁਰਜੀਤ ਸਿੰਘ ਕੰਗ, ਸ. ਗੁਰਪ੍ਰੀਤ ਸਿੰਘ ਝੱਬਰ, ਸ. ਦਲਜੀਤ ਸਿੰਘ ਭਿੰਡਰ, ਸ. ਬਲਦੇਵ ਸਿੰਘ ਕਾਇਮਪੁਰ, ਸ. ਮੇਜਰ ਸਿੰਘ ਢਿੱਲੋਂ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਇੰਜੀ: ਸੁਖਮਿੰਦਰ ਸਿੰਘ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਸ. ਤੇਜਿੰਦਰ ਸਿੰਘ ਪੱਡਾ, ਸ. ਜਸਵਿੰਦਰ ਸਿੰਘ ਜੱਸੀ, ਮੀਤ ਸਕੱਤਰ ਸ. ਗੁਰਨਾਮ ਸਿੰਘ, ਸ. ਹਰਭਜਨ ਸਿੰਘ ਵਕਤਾ, ਸ. ਅਜ਼ਾਦ ਦੀਪ ਸਿੰਘ, ਮੈਨੇਜਰ ਸ. ਮੇਜਰ ਸਿੰਘ, ਕਾਨੂੰਨੀ ਸਲਾਹਕਾਰ ਐਡਵੋਕਟ ਅਮਨਬੀਰ ਸਿੰਘ ਸਿਆਲੀ, ਐਕਸੀਅਨ ਸ. ਜਤਿੰਦਰਪਾਲ ਸਿੰਘ, ਇੰਚਾਰਜ ਸ. ਪਰਜਿੰਦਰ ਸਿੰਘ, ਸ. ਗੁਰਪ੍ਰੀਤ ਸਿੰਘ ਰੋਡੇ, ਸ. ਜਗਦੀਸ਼ ਸਿੰਘ ਬੁੱਟਰ, ਸ. ਗੁਰਪ੍ਰਤਾਪ ਸਿੰਘ, ਸ. ਕਾਰਜ ਸਿੰਘ, ਸ. ਤਰਸੇਮ ਸਿੰਘ ਆਦਿ ਸ਼ਾਮਲ ਹਨ।



## ਡਿਪਟੀ ਕਮਿਸ਼ਨਰ ਨੇ ਨੀਟ ਪੀਜੀ ਪ੍ਰੀਖਿਆ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ, 30 ਅਗਸਤ ਨੂੰ 1,070 ਉਮੀਦਵਾਰਾਂ ਦੇ ਬੈਠਣ ਦੀ ਸੰਭਾਵਨਾ

**ਫਗਵਾੜਾ** : ਡਿਪਟੀ ਕਮਿਸ਼ਨਰ ਅਕਾਸ਼ ਬਾਂਸਲ ਨੇ 30 ਅਗਸਤ ਨੂੰ ਹੋਣ ਵਾਲੀ ਆਗਾਮੀ ਨੀਟ ਪੀਜੀ ਪ੍ਰੀਖਿਆ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਅਤੇ ਸਬੰਧਤ ਅਧਿਕਾਰੀਆਂ ਨੂੰ ਪ੍ਰੀਖਿਆ ਦੇ ਸੁਚੱਜੇ ਅਤੇ ਬਿਨਾਂ ਕਿਸੇ ਦਿੱਕਤ ਤੋਂ ਸੰਚਾਲਨ ਲਈ ਵਿਆਪਕ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ। ਸਮੀਖਿਆ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਰਣਦੀਪ ਸਿੰਘ ਹੀਰ, ਐਸ.ਡੀ.ਐਮ ਨਵਜੋਤ ਸ਼ਰਮਾ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ। ਡਿਪਟੀ ਕਮਿਸ਼ਨਰ ਨੇ ਇੱਕ ਨਿੱਜੀ ਯੂਨੀਵਰਸਿਟੀ ਵਿੱਚ ਬਣਾਏ ਗਏ ਪ੍ਰੀਖਿਆ ਕੇਂਦਰਾਂ ਦਾ ਦੌਰਾ ਕੀਤਾ ਅਤੇ ਉਮੀਦਵਾਰਾਂ ਅਤੇ ਪ੍ਰੀਖਿਆ ਸਟਾਫ਼ ਲਈ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਸਬੰਧਤ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਅਤੇ ਇਹ ਯਕੀਨੀ ਬਣਾਉਣ ਲਈ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਕਿ ਸਾਰੇ ਪ੍ਰਬੰਧ ਸਮੇਂ ਤੋਂ ਪਹਿਲਾਂ ਮੁਕੰਮਲ ਕਰ ਲਏ ਜਾਣ। 30 ਅਗਸਤ ਨੂੰ ਹੋਣ ਵਾਲੀ ਨੀਟ ਪੀਜੀ ਪ੍ਰੀਖਿਆ ਵਿੱਚ ਲਗਭਗ 1,070 ਉਮੀਦਵਾਰਾਂ ਦੇ ਬੈਠਣ ਦੀ ਸੰਭਾਵਨਾ ਹੈ। ਪ੍ਰੀਖਿਆ ਸਵੇਰੇ 9 ਵਜੇ ਤੋਂ ਦੁਪਹਿਰ 12 ਵਜੇ ਤੱਕ ਕਰਵਾਈ ਜਾਵੇਗੀ, ਜਦੋਂ ਕਿ ਉਮੀਦਵਾਰਾਂ ਨੂੰ ਸਵੇਰੇ 7 ਵਜੇ ਤੱਕ ਪ੍ਰੀਖਿਆ ਕੇਂਦਰਾਂ 'ਤੇ ਰਿਪੋਰਟ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਨੇ ਅਧਿਕਾਰੀਆਂ ਨੂੰ ਪ੍ਰੀਖਿਆ ਕੇਂਦਰਾਂ 'ਤੇ ਐਂਟਰੀ ਅਤੇ ਐਗਜ਼ਿਟ ਪ੍ਰਬੰਧਾਂ, ਸੁਰੱਖਿਆ, ਟ੍ਰੈਫਿਕ ਮੈਨੇਜਮੈਂਟ, ਬੈਠਣ ਦੇ ਪ੍ਰਬੰਧ, ਪੀਣ ਵਾਲੇ ਪਾਣੀ, ਸਫ਼ਾਈ, ਬਿਜਲੀ ਦੀ ਸਪਲਾਈ ਅਤੇ ਹੋਰ ਬੁਨਿਆਦੀ ਸਹੂਲਤਾਂ ਵੱਲ ਵਿਸ਼ੇਸ਼ ਧਿਆਨ ਦੇਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਪ੍ਰੀਖਿਆ ਡਿਊਟੀ ਲਈ ਤਾਇਨਾਤ ਸਾਰੇ ਵਿਭਾਗਾਂ ਵਿਚਕਾਰ ਸੁਚੱਜੇ ਤਾਲਮੇਲ ਦੀ ਲੋੜ 'ਤੇ ਵੀ ਜ਼ੋਰ ਦਿੱਤਾ ਤਾਂ ਜੋ ਉਮੀਦਵਾਰਾਂ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਅਧਿਕਾਰੀਆਂ ਨੂੰ ਪ੍ਰੀਖਿਆ ਦੇ ਦਿਸ਼ਾ-ਨਿਰਦੇਸ਼ਾਂ ਅਤੇ ਪ੍ਰੋਟੋਕੋਲ ਦੀ ਸਖ਼ਤੀ ਨਾਲ ਪਾਲਣਾ ਕਰਨ ਅਤੇ ਨਿਰਧਾਰਤ ਪ੍ਰਕਿਰਿਆਵਾਂ ਨੂੰ ਇਨ-ਬਿਨ ਲਾਗੂ ਕਰਨਾ ਯਕੀਨੀ ਬਣਾਉਣ ਦੇ ਵੀ ਨਿਰਦੇਸ਼ ਦਿੱਤੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਮੀਦਵਾਰਾਂ ਨੂੰ ਸੁਖਾਵਾਂ ਮਾਹੌਲ ਮੁਹੱਈਆ ਕਰਵਾਉਣ ਅਤੇ ਪ੍ਰੀਖਿਆ ਨੂੰ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਕਰਵਾਉਣਾ ਯਕੀਨੀ ਬਣਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਕਿਸੇ ਵੀ ਤਰ੍ਹਾਂ ਦੀ ਮਦਦ ਦੇ ਲਈ ਜ਼ਿਲ੍ਹਾ ਪ੍ਰਸ਼ਾਸਨ ਦੇ ਹੈਲਪਲਾਈਨ ਨੰਬਰ 01822-233777 'ਤੇ ਸੰਪਰਕ ਕੀਤਾ ਜਾ ਸਕਦਾ ਹੈ।



## ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਚਵਿੰਡਾ ਦੇਵੀ ਫੇਰੀ ਨੂੰ ਲੈ ਕੇ 'ਆਪ' ਨੇ ਮਜੀਠਾ 'ਚ ਕੀਤੀ ਵਿਸ਼ਾਲ ਇਕੱਤਰਤਾ

### 26 ਅਗਸਤ ਨੂੰ ਚਵਿੰਡਾ ਦੇਵੀ ਵਿਖੇ ਮੁੱਖ ਮੰਤਰੀ ਕਰਨਗੇ ਹਲਕਾ ਵਾਸੀਆਂ ਨੂੰ ਸੰਬੋਧਨ : ਤਲਬੀਰ ਸਿੰਘ ਗਿੱਲ

**ਮਜੀਠਾ** : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ 26 ਅਗਸਤ ਨੂੰ ਹਲਕਾ ਮਜੀਠਾ ਦੇ ਕਸਬਾ ਚਵਿੰਡਾ ਦੇਵੀ ਵਿਖੇ ਹੋਣ ਵਾਲੀ ਫੇਰੀ ਅਤੇ ਰੈਲੀ ਨੂੰ ਲੈ ਕੇ ਆਮ ਆਦਮੀ ਪਾਰਟੀ ਵੱਲੋਂ ਤਿਆਰੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ। ਇਸ ਸਬੰਧੀ ਅੱਜ ਆਮ ਆਦਮੀ ਪਾਰਟੀ ਦੀ ਇੱਕ ਵਿਸ਼ਾਲ ਤੇ ਅਹਿਮ ਇਕੱਤਰਤਾ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਦੀ ਅਗਵਾਈ ਹੇਠ ਰਾਇਲ ਵਿਲਾ, ਮਜੀਠਾ ਵਿਖੇ ਕਰਵਾਈ ਗਈ। ਇਕੱਤਰਤਾ ਦੌਰਾਨ ਮੁੱਖ ਮੰਤਰੀ ਦੀ ਫੇਰੀ ਨੂੰ ਸਫਲ ਬਣਾਉਣ ਲਈ ਪਾਰਟੀ ਆਗੂਆਂ ਅਤੇ ਵਰਕਰਾਂ ਨਾਲ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਵੱਖ-ਵੱਖ ਆਗੂਆਂ ਨੂੰ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਇਕੱਤਰਤਾ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ 26 ਅਗਸਤ ਨੂੰ ਚਵਿੰਡਾ ਦੇਵੀ ਵਿਖੇ ਪਹੁੰਚ ਕੇ ਹਲਕਾ ਮਜੀਠਾ ਦੇ ਲੋਕਾਂ ਨੂੰ ਸੰਬੋਧਨ ਕਰਨਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਫੇਰੀ ਨੂੰ ਲੈ ਕੇ ਆਮ ਆਦਮੀ ਪਾਰਟੀ ਦੇ ਆਗੂਆਂ, ਅਹੁਦੇਦਾਰਾਂ ਅਤੇ ਵਰਕਰਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰੈਲੀ ਨੂੰ ਇਤਿਹਾਸਕ ਅਤੇ ਸਫਲ ਬਣਾਉਣ ਲਈ ਪਾਰਟੀ ਵੱਲੋਂ ਪੂਰੀ ਤਿਆਰੀ ਕੀਤੀ ਜਾ ਰਹੀ ਹੈ ਅਤੇ ਇਸ ਲਈ ਆਗੂਆਂ ਤੇ ਵਰਕਰਾਂ ਦੀਆਂ ਵੱਖ-ਵੱਖ ਡਿਊਟੀਆਂ ਲਗਾਈਆਂ ਗਈਆਂ ਹਨ। ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਨ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸਿੱਖਿਆ, ਸਿਹਤ, ਬਿਜਲੀ, ਰੁਜ਼ਗਾਰ ਅਤੇ ਲੋਕ ਭਲਾਈ ਦੇ ਖੇਤਰਾਂ ਵਿੱਚ ਕਈ ਮਹੱਤਵਪੂਰਨ ਉਪਰਾਲੇ ਕੀਤੇ ਗਏ ਹਨ। ਉਨ੍ਹਾਂ ਦਾਅਵਾ ਕੀਤਾ ਕਿ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਕਾਰਨ ਆਮ ਲੋਕਾਂ ਨੂੰ ਵੱਖ-ਵੱਖ ਖੇਤਰਾਂ ਵਿੱਚ ਰਾਹਤ ਮਿਲੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਰਵਾਇਤੀ ਸਿਆਸੀ ਪਾਰਟੀਆਂ ਨੂੰ ਲੰਮੇ ਸਮੇਂ ਤੱਕ ਮੌਕੇ ਦਿੱਤੇ ਹਨ, ਪਰ ਇਹ ਪਾਰਟੀਆਂ ਲੋਕਾਂ ਦੀਆਂ ਆਸਾਂ ਅਤੇ ਉਮੀਦਾਂ 'ਤੇ ਖਰੀਆਂ ਨਹੀਂ ਉਤਰ ਸਕੀਆਂ। ਉਨ੍ਹਾਂ ਅਕਾਲੀ ਦਲ, ਭਾਜਪਾ ਅਤੇ ਕਾਂਗਰਸ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਇਨ੍ਹਾਂ ਪਾਰਟੀਆਂ ਨੇ ਸੱਤਾ ਵਿੱਚ ਰਹਿੰਦਿਆਂ ਲੋਕਾਂ ਦੀਆਂ ਸਮੱਸਿਆਵਾਂ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ ਅਤੇ ਆਪਣੇ ਵੱਲੋਂ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਵੀ ਅਸਫਲ ਰਹੀਆਂ। ਇਸ ਦੇ ਉਲਟ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਅਮਲੀ ਰੂਪ ਦੇਣ ਦਾ ਕੰਮ ਕੀਤਾ ਗਿਆ ਹੈ। ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਔਰਤਾਂ ਨੂੰ ਪ੍ਰਤੀ ਮਹੀਨਾ ਇੱਕ ਹਜ਼ਾਰ ਅਤੇ ਪੰਦਰਾਂ ਸੌ ਰੁਪਏ ਦੇਣ ਦਾ ਕੀਤਾ ਗਿਆ ਵਾਅਦਾ ਵੀ ਪੂਰਾ ਕਰ ਦਿੱਤਾ ਗਿਆ ਹੈ, ਜਿਸ ਨਾਲ ਵਿਰੋਧੀਆਂ ਦੇ ਸਾਰੇ ਸਵਾਲਾਂ ਦਾ ਜਵਾਬ ਮਿਲ ਗਿਆ ਹੈ। ਉਨ੍ਹਾਂ ਪਾਰਟੀ ਆਗੂਆਂ ਅਤੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਮੁੱਖ ਮੰਤਰੀ ਦੀ ਚਵਿੰਡਾ ਦੇਵੀ ਫੇਰੀ ਵਿੱਚ ਵੱਧ ਤੋਂ ਵੱਧ ਲੋਕਾਂ ਦੀ ਸ਼ਮੂਲੀਅਤ ਯਕੀਨੀ ਬਣਾਉਣ ਅਤੇ ਰੈਲੀ ਨੂੰ ਸਫਲ ਬਣਾਉਣ ਲਈ ਪੂਰੀ ਤਨਦੇਹੀ ਨਾਲ ਆਪਣੀ ਜ਼ਿੰਮੇਵਾਰੀ ਨਿਭਾਉਣ। ਇਸ ਮੌਕੇ ਸਰਪ੍ਰੀਤ ਸਿੰਘ ਗਿੱਲ, ਹਰ ਭੁਪਿੰਦਰ ਸਿੰਘ ਸ਼ਾਹ, ਹਰਪਾਲ ਸਿੰਘ ਗਿੱਲ ਮੈਂਬਰ ਚੀਫ ਖਾਲਸਾ ਦੀਵਾਨ, ਚੇਅਰਮੈਨ ਯਾਦਵਿੰਦਰ ਸਿੰਘ ਪੰਧੇਰ, ਸਰਪੰਚ ਗੁਰਪ੍ਰੀਤ ਸਿੰਘ ਮਹੱਦੀਪੁਰ, ਮੈਡਮ ਅਮਨਦੀਪ ਕੌਰ, ਰਾਜਦੀਪ ਕੌਰ, ਸੋਨੀਆ, ਅਨੀਤਾ ਰਾਣੀ, ਵੀਨਾ ਰਾਣੀ, ਸਰਬਜੀਤ ਕੌਰ, ਕੰਵਲਜੀਤ ਕੌਰ, ਹਰਪ੍ਰੀਤ ਕੌਰ, ਬਲਰਾਜ ਕੌਰ, ਸਰਪੰਚ ਜਗਰਾਜ ਸਿੰਘ ਦਾਦੂਪੁਰ, ਸਰਪੰਚ ਜਗਰਾਜ ਸਿੰਘ ਕੋਟਲਾ ਗੁੱਜਰਾਂ, ਸਰਪੰਚ ਗੁਰਨੂਪ ਸਿੰਘ ਪੰਧੇਰ, ਸਰਪੰਚ ਜਸਵੰਤ ਸਿੰਘ ਵੀਰਮ, ਬਲਜਿੰਦਰ ਸਿੰਘ ਸੰਮਤੀ ਮੈਂਬਰ, ਤਰਸੇਮ ਸਿੰਘ ਸਿਆਲਕਾ, ਪਰਮਜੀਤ ਸਿੰਘ ਪੰਮਾ, ਸਰਪੰਚ ਅਮਰਜੀਤ ਸਿੰਘ ਕਲੇਰ, ਸਰਪੰਚ ਸਤਨਾਮ ਸਿੰਘ ਨਾਗ ਨਵੇਂ, ਜਗਦੀਪ ਸਿੰਘ ਗੋਗਾ, ਸਰਪੰਚ ਪਰਮਿੰਦਰ ਸਿੰਘ ਰਮਾਣਾ ਚੱਕ, ਭਿੰਦਾ ਰਮਾਣਾ ਚੱਕ, ਮਾਸਟਰ ਜਸਜੀਤ ਸਿੰਘ ਨਾਗ ਕਲਾਂ, ਹਨੀ ਅਜਬਵਾਲੀ, ਪਿੰਕਾ ਮਜੀਠਾ, ਚੇਅਰਮੈਨ ਸਿਕੰਦਰ ਸਿੰਘ ਖਿੱਦੋਵਾਲੀ, ਰਣਜੀਤ ਸਿੰਘ ਭੋਮਾ, ਸ਼ਿਵਰਾਜ ਸਿੰਘ ਭੀਲੋਵਾਲ, ਬਲਾਕ ਸੰਮਤੀ ਮੈਂਬਰ ਗੁਰਬੀਰ ਸਿੰਘ ਮੱਲੀ, ਜ਼ਿਲ੍ਹਾ ਪਰਿਸ਼ਦ ਮੈਂਬਰ ਹੁਸਨਪ੍ਰੀਤ ਸਿੰਘ, ਸਰਪੰਚ ਰਾਣਾ ਨੰਗਲ ਪੰਨਵਾਂ, ਗੁਰਸੇਵਕ ਸਿੰਘ ਮੱਟਵਾਲ, ਪਰਮਜੀਤ ਸਿੰਘ ਮਰੋਵਾਲ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਅਮਰਜੀਤ ਸਿੰਘ ਮਜੀਠਾ, ਡਾਕਟਰ ਕਸ਼ਮੀਰ ਸਿੰਘ ਪੰਧਰ, ਸਰਪੰਚ ਚਰਨਜੀਤ ਸਿੰਘ ਵਡਾਲਾ, ਗੁਰਜੰਟ ਕੱਥੂਨੰਗਲ, ਸੋਨੀ ਸਰੀਰ ਸਮੇਤ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਅਤੇ ਵਰਕਰ ਹਾਜ਼ਰ ਸਨ।



## ਭਾਰਤੀ ਵਿਲੱਖਣ ਪਛਾਣ ਅਥਾਰਿਟੀ ਵਿਸ਼ੇਸ਼ ਅਭਿਆਨ ਦੇ ਤਹਿਤ ਸਕੂਲੀ ਬੱਚਿਆਂ ਦੇ ਆਧਾਰ ਕਾਰਡ 'ਚ ਦੋ ਕਰੋੜ ਤੋਂ ਵੱਧ ਲਾਜ਼ਮੀ ਬਾਇਓਮੈਟ੍ਰਿਕ ਅਪਡੇਟਸ ਪੂਰੇ ਕੀਤੇ ਗਏ

**ਨਵੀਂ ਦਿੱਲੀ/ਪੀ.ਆਈ.ਬੀ**

ਭਾਰਤੀ ਵਿਲੱਖਣ ਪਛਾਣ ਅਥਾਰਿਟੀ ਨੇ ਲਾਜ਼ਮੀ ਬਾਇਓਮੈਟ੍ਰਿਕ ਅਪਡੇਟਸ ਲਈ ਰਾਸ਼ਟਰਵਿਆਪੀ ਮਿਸ਼ਨ-ਮੋਡ ਅਭਿਆਨ ਵਿੱਚ ਇੱਕ ਮਹੱਤਵਪੂਰਨ ਉਪਲਬਧੀ ਹਾਸਲ ਕੀਤੀ ਹੈ। ਇਸ ਅਧੀਨ ਦੇਸ਼ ਭਰ ਦੇ ਸਕੂਲੀ ਬੱਚਿਆਂ ਲਈ 2 ਕਰੋੜ ਤੋਂ ਵੱਧ ਐੱਮਬੀਯੂ ਪੂਰੇ ਕੀਤੇ ਜਾ ਚੁੱਕੇ ਹਨ। ਇਹ ਪਹਿਲ UIDAI ਦੁਆਰਾ ਸਿੱਖਿਆ ਲਈ ਏਕੀਕ੍ਰਿਤ ਜ਼ਿਲ੍ਹਾ ਸੂਚਨਾ ਪ੍ਰਣਾਲੀ ਯਾਨੀ ਯੂਨੀਫਾਇਡ ਡਿਸਟ੍ਰਿਕਟ ਇਨਫਰਮੇਸ਼ਨ ਸਿਸਟਮ ਫਾਰ ਐਜੂਕੇਸ਼ਨ ਪਲੱਸ ਦੇ ਨਾਲ ਤਕਨੀਕੀ ਏਕੀਕਰਣ ਦੇ ਕਾਰਨ ਸੰਭਵ ਹੋਈ।

ਇਹ ਸਕੂਲਾਂ ਦੇ ਬੱਚਿਆਂ ਦੀ ਐੱਮਬੀਯੂ ਸਥਿਤੀ ਦੀ ਜਾਣਕਾਰੀ ਪ੍ਰਦਾਨ ਕਰਦਾ ਹੈ। ਸਤੰਬਰ 2025 ਵਿੱਚ ਸ਼ੁਰੂ ਕੀਤੇ ਗਏ ਇਸ ਵਿਸ਼ੇਸ਼ ਅਭਿਆਨ ਨੇ ਹੁਣ ਤੱਕ 1.56 ਲੱਖ ਤੋਂ ਵੱਧ ਸਕੂਲਾਂ ਨੂੰ ਕਵਰ ਕਰ ਲਿਆ ਹੈ। ਇਸ ਨਾਲ ਸਕੂਲੀ ਬੱਚੇ ਸਮਰਪਿਤ ਸਕੂਲ-ਪੱਧਰੀ ਕੈਂਪਸ ਅਤੇ ਯੂਆਈਡੀਏਆਈ ਅਤੇ ਰਾਜ/ਕੇਂਦਰ ਸ਼ਾਸਿਤ ਪ੍ਰਦੇਸ਼ ਸਿੱਖਿਆ ਵਿਭਾਗਾਂ ਦੇ ਤਾਲਮੇਲ ਵਾਲੇ ਯਤਨਾਂ ਰਾਹੀਂ ਅਸਾਨੀ ਨਾਲ ਆਪਣੇ ਆਧਾਰ ਬਾਇਓਮੈਟ੍ਰਿਕ ਅਪਡੇਟ ਕਰਵਾ ਸਕਦੇ ਹਨ। ਇਸ ਨਾਲ ਐੱਮਬੀਯੂ ਸੇਵਾ ਬੱਚਿਆਂ ਤੱਕ ਸਿੱਧੇ ਉਨ੍ਹਾਂ ਦੇ ਸਕੂਲਾਂ ਵਿੱਚ ਪਹੁੰਚ ਸਕੀ ਹੈ, ਇਸ ਨਾਲ ਕਰੋੜਾਂ ਵਿਦਿਆਰਥੀਆਂ ਲਈ ਇਹ ਪ੍ਰਕਿਰਿਆ ਵਧੇਰੇ ਪਹੁੰਚਯੋਗ ਅਤੇ ਸੁਵਿਧਾਜਨਕ ਹੋ ਗਈ ਹੈ। 5 ਵਰ੍ਹਿਆਂ ਤੋਂ ਘੱਟ ਉਮਰ ਦੇ ਬੱਚਿਆਂ ਦੇ ਆਧਾਰ ਰਜਿਸਟ੍ਰੇਸ਼ਨ ਵਿੱਚ ਜਨਸੰਖਿਆ ਸਬੰਧੀ ਜਾਣਕਾਰੀ ਅਤੇ ਫੋਟੋ ਖਿੱਚੀ ਜਾਂਦੀ ਹੈ ਅਤੇ ਉਂਗਲੀਆਂ ਦੇ ਨਿਸ਼ਾਨ ਅਤੇ ਅੱਖਾਂ ਦੀਆਂ ਪੁਤਲੀਆਂ ਵਰਗੇ ਬਾਇਓਮੈਟ੍ਰਿਕਸ ਉਸ ਉਮਰ ਵਿੱਚ ਨਹੀਂ ਲਏ ਜਾਂਦੇ ਹਨ ਕਿਉਂਕਿ ਇਹ ਬਾਇਓਮੈਟ੍ਰਿਕਸ ਹਾਲੇ ਵਿਕਸਿਤ ਹੋ ਰਹੇ ਹੁੰਦੇ ਹਨ। ਐੱਮਬੀਯੂ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ ਕਿ ਬੱਚੇ ਦੇ ਆਧਾਰ ਕਾਰਡ ਵਿੱਚ ਬਾਇਓਮੈਟ੍ਰਿਕ ਇਨਫਰਮੇਸ਼ਨ ਹਮੇਸ਼ਾ ਅਪਡੇਟ ਰਹੇ। 5 ਵਰ੍ਹਿਆਂ ਦੀ ਉਮਰ ਪ੍ਰਾਪਤ ਕਰਨ 'ਤੇ ਅਤੇ ਫਿਰ 15 ਵਰ੍ਹਿਆਂ ਦੀ ਉਮਰ ਪ੍ਰਾਪਤ ਕਰਨ 'ਤੇ ਐੱਮਬੀਯੂ ਲਾਜ਼ਮੀ ਹੈ। ਸਮੇਂ ਸਿਰ ਇਸ ਨੂੰ ਪੂਰਾ ਕਰਨ ਨਾਲ ਬੱਚਿਆਂ ਦੇ ਸਕੂਲ ਅਤੇ ਉੱਚ ਸਿੱਖਿਆ ਵਿੱਚ ਅੱਗੇ ਵਧਣ ਅਤੇ ਵੱਖ-ਵੱਖ ਸੇਵਾਵਾਂ ਅਤੇ ਲਾਭਾਂ ਦਾ ਲਾਭ ਲੈਣ ਦੌਰਾਨ ਆਧਾਰ ਪ੍ਰਮਾਣੀਕਰਣ ਦੀ ਪ੍ਰਕਿਰਿਆ ਸੁਚਾਰੂ ਤੌਰ 'ਤੇ ਚਲਦੀ ਹੈ, ਜਿੱਥੇ ਆਧਾਰ ਪ੍ਰਮਾਣੀਕਰਣ ਦੀ ਜ਼ਰੂਰਤ ਹੋ ਸਕਦੀ ਹੈ। ਸਮੇਂ ਸਿਰ ਪੂਰਾ ਕਰਨ ਨੂੰ ਉਤਸ਼ਾਹਿਤ ਕਰਨ ਅਤੇ ਸੇਵਾ ਨੂੰ ਵਧੇਰੇ ਪਹੁੰਚਯੋਗ ਬਣਾਉਣ ਲਈ, ਯੂਆਈਡੀਏਆਈ ਨੇ 1 ਅਕਤੂਬਰ 2025 ਤੋਂ ਇੱਕ ਵਰ੍ਹੇ ਦੀ ਮਿਆਦ ਲਈ 7-15 ਵਰ੍ਹਿਆਂ ਦੀ ਉਮਰ ਵਰਗ ਦੇ ਬੱਚਿਆਂ ਲਈ ਐੱਮਬੀਯੂ ਚਾਰਜ (ਫੀਸ) ਫ੍ਰੀ ਕਰ ਦਿੱਤਾ ਸੀ। 5-7 ਵਰ੍ਹਿਆਂ ਅਤੇ 15-17 ਵਰ੍ਹਿਆਂ ਦੀ ਉਮਰ ਵਰਗ ਦੇ ਬੱਚਿਆਂ ਲਈ ਐੱਮਬੀਯੂ ਹਾਲੇ ਵੀ ਫ੍ਰੀ ਹੈ।

## ਲੀਗਲ ਮੈਟਰੋਲੋਜੀ ਵਿੰਗ ਨੇ ਜਨਵਰੀ ਤੋਂ ਜੁਲਾਈ 2026 ਤੱਕ ਇਕੱਠੀ ਕੀਤੀ 53.26 ਲੱਖ ਰੁਪਏ ਦੀ ਕੰਪਾਊਂਡਿੰਗ ਫੀਸ



**ਚੰਡੀਗੜ੍ਹ** : ਪੰਜਾਬ ਦੇ ਖ਼ੁਰਾਕ, ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲੇ ਵਿਭਾਗ ਦੇ ਲੀਗਲ ਮੈਟਰੋਲੋਜੀ ਵਿੰਗ ਨੇ ਇਸ ਸਾਲ ਜਨਵਰੀ ਮਹੀਨੇ ਤੋਂ ਜੁਲਾਈ 2026 ਤੱਕ ਇਕੱਠੀ ਕੀਤੀ ਗਈ ਸਮਝੌਤਾ ਫੀਸ (ਕੰਪਾਊਂਡਿੰਗ ਫੀਸ) ਅਤੇ ਇਸੇ ਮਿਆਦ ਦੌਰਾਨ ਕੀਤੇ ਗਏ ਨਿਰੀਖਣਾਂ ਦੇ ਮਾਮਲੇ ਵਿੱਚ ਨਿਰੰਤਰ ਵਧੀਆ ਕਾਰਗੁਜ਼ਾਰੀ ਵਿਖਾਈ ਹੈ। ਕੰਪਾਊਂਡਿੰਗ ਫੀਸਾਂ ਦੇ ਮਾਮਲੇ ਵਿੱਚ ਲੀਗਲ ਮੈਟਰੋਲੋਜੀ ਵਿੰਗ ਨੇ ਜਨਵਰੀ ਮਹੀਨੇ ਤੋਂ ਜੁਲਾਈ 2026 ਤੱਕ 53.26 ਲੱਖ ਰੁਪਏ ਇਕੱਠੇ ਕੀਤੇ। ਵਿੰਗ ਵੱਲੋਂ ਇਸੇ ਮਿਆਦ ਦੌਰਾਨ 14412 ਨਿਰੀਖਣ ਅਤੇ 1062 ਚਲਾਨ ਕੀਤੇ ਗਏ। ਖ਼ੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲਿਆਂ ਬਾਰੇ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਤਨਦੇਹੀ ਨਾਲ ਸੇਵਾਵਾਂ ਨਿਭਾਉਣ ਲਈ ਵਿਭਾਗ ਦੇ ਅਧਿਕਾਰੀਆਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਭਵਿੱਖ ਵਿੱਚ ਹੋਰ ਸਰਗਰਮੀ ਅਤੇ ਸਮਰਪਣ ਨਾਲ ਕੰਮ ਕਰਨ ਦੀ ਅਪੀਲ ਕੀਤੀ। ਜ਼ਿਕਰਯੋਗ ਹੈ ਕਿ ਵਿੰਗ ਕੋਲ ਅੰਮ੍ਰਿਤਸਰ, ਲੁਧਿਆਣਾ, ਜਲੰਧਰ ਅਤੇ ਪਟਿਆਲਾ ਵਿਖੇ ਵਿਭਾਗ ਦੀ ਮਾਲਕੀ ਵਾਲੀਆਂ ਮਿਆਰੀ ਲੈਬਾਰਟਰੀਆਂ ਹਨ, ਜਦਕਿ ਸਰਹਿੰਦ ਅਤੇ ਖੰਨਾ ਵਿੱਚ ਵੀ ਇਸੇ ਤਰਜ਼ 'ਤੇ ਨਵੀਆਂ ਲੈਬਾਰਟਰੀਆਂ ਜਲਦ ਬਣਾਈਆਂ ਜਾਣਗੀਆਂ। ਲੀਗਲ ਮੈਟਰੋਲੋਜੀ ਵਿੰਗ ਦਾ ਮੁੱਖ ਉਦੇਸ਼ ਖਪਤਕਾਰਾਂ ਦੇ ਹਿੱਤਾਂ ਦੀ ਰਾਖੀ ਕਰਦਿਆਂ ਇਹ ਯਕੀਨੀ ਬਣਾਉਣਾ ਹੈ ਕਿ ਵੇਚੇ ਜਾਂ ਖ਼ਰੀਦੇ ਗਏ ਸਾਮਾਨ ਦੀ ਮਾਤਰਾ ਅਤੇ ਗੁਣਵੱਤਾ ਦਰਅਸਲ ਸਹੀ ਹੋਵੇ।

## ਅਮਰੀਕਾ ਨਿਵਾਸੀ ਸ. ਬਲਵੰਤ ਸਿੰਘ ਵੱਲੋਂ ਲੰਗਰ ਸੇਵਾ ਲਈ ਗੱਡੀ ਅਤੇ ਸਰਾਂ ਲਈ 4 ਲੱਖ ਰੁਪਏ ਭੇਟ




**ਅੰਮ੍ਰਿਤਸਰ** : ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੱਡੀ ਗਿਣਤੀ 'ਚ ਸੰਗਤਾਂ ਵੱਲੋਂ ਨਤਮਸਤਕ ਹੋ ਕੇ ਗੁਰੂ ਘਰ ਦੀਆਂ ਸੇਵਾਵਾਂ ਵਿਚ ਹਿੱਸਾ ਪਾਉਂਦਿਆਂ ਗੁਰੂ ਘਰ ਪ੍ਰਤੀ ਸ਼ਰਧਾ ਪ੍ਰਗਟਾਈ ਜਾਂਦੀ ਹੈ। ਇਸੇ ਤਹਿਤ ਹੀ ਅੱਜ ਅਮਰੀਕਾ ਨਿਵਾਸੀ ਸ. ਬਲਵੰਤ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਸੰਗਤਾਂ ਦੀ ਸਹੂਲਤ ਲਈ ਸਰਾਂ ਲਈ ਚਾਦਰਾਂ ਅਤੇ ਸਰਾਣੇ ਆਦਿ ਲਈ 4 ਲੱਖ ਰੁਪਏ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਨਾਨਕ ਦੇਵ ਹਸਪਤਾਲ ਸ੍ਰੀ ਅੰਮ੍ਰਿਤਸਰ ਵਿਖੇ ਮਰੀਜ਼ਾਂ ਲਈ ਚੱਲ ਰਹੀਆਂ ਲੰਗਰ ਸੇਵਾਵਾਂ ਲਈ ਇਕ ਗੱਡੀ ਭੇਟ ਕਰਕੇ ਸ਼ਰਧਾ ਪ੍ਰਗਟਾਈ ਗਈ। ਗੱਡੀ ਦੀਆਂ ਚਾਬੀਆਂ ਪ੍ਰਾਪਤ ਕਰਨ ਮੌਕੇ ਸ਼੍ਰੋਮਣੀ ਕਮੇਟੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ. ਬਲਵੰਤ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਸਮੇਂ-ਸਮੇਂ ਗੁਰੂ ਘਰ ਦੀਆਂ ਸੇਵਾਵਾਂ ਯੋਗਦਾਨ ਪਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਸੇਵਾਵਾਂ ਵਿਚ ਹਿੱਸਾ ਪਾਉਣਾ ਗੁਰੂ ਸਾਹਿਬ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਹੈ। ਉਨ੍ਹਾਂ ਸੇਵਕ ਪਰਿਵਾਰ ਦੀ ਚੜ੍ਹਦੀ ਕਲਾ ਲਈ ਗੁਰੂ ਸਾਹਿਬ ਅੱਗੇ ਅਰਦਾਸ ਕੀਤੀ ਅਤੇ ਭਵਿੱਖ ਵਿਚ ਵੀ ਇਸੇ ਤਰ੍ਹਾਂ ਸੇਵਾ ਕਰਦੇ ਰਹਿਣ ਦੀ ਕਾਮਨਾ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ, ਮੈਂਬਰ ਸ. ਰਣਜੀਤ ਸਿੰਘ ਕਾਹਲੋਂ, ਸ. ਨਵਤੇਜ ਸਿੰਘ ਕਾਉਣੀ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਸ. ਬਿਜੈ ਸਿੰਘ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਮੇਜਰ ਸਿੰਘ, ਵਧੀਕ ਮੈਨੇਜਰ ਸ. ਗੁਰਤਿੰਦਰਪਾਲ ਸਿੰਘ ਕਾਦੀਆ ਸਮੇਤ ਹੋਰ ਮੌਜੂਦ ਸਨ।

## ਹਰਸਿਮਰਤ ਕੌਰ ਬਾਦਲ ਤੇ ਬਿਕਰਮ ਮਜੀਠੀਆ ਵਅਲੋਂ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗਈ ਵੀਡੀਓ ਨੂੰ ਮੰਤਰੀ ਹਰਭਜਨ ਨੇ ਦੱਸਿਆ ਭਰਮਾਊ ਪ੍ਰਚਾਰ

**ਚੰਡੀਗੜ੍ਹ** : ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਨੇ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਟਫੱਤਾ ਤੋਂ ਰਾਮਗੜ੍ਹ ਭੂੰਦੜ ਤੱਕ ਲਿੰਕ ਸੜਕ ਨੂੰ ਲੈ ਕੇ ਅਕਾਲੀ ਆਗੂਆਂ ਹਰਸਿਮਰਤ ਕੌਰ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਵੱਲੋਂ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗਈ ਪੋਸਟ ਅਤੇ ਵੀਡੀਓ 'ਤੇ ਤਿੱਖਾ ਹਮਲਾ ਬੋਲਿਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਕਰੀਬ 45 ਹਜ਼ਾਰ ਕਿਲੋਮੀਟਰ ਸੜਕਾਂ ਦਾ ਨਿਰਮਾਣ ਅਤੇ ਸੁਧਾਰ ਕਾਰਜ ਪੂਰੀ ਮਜ਼ਬੂਤੀ, ਇਮਾਨਦਾਰੀ ਅਤੇ ਪਾਰਦਰਸ਼ਤਾ ਨਾਲ ਕਰਵਾ ਰਹੀ ਹੈ। ਇੰਨਾ ਵੱਡਾ ਸੜਕ ਨੈੱਟਵਰਕ ਇਕੱਠੇ ਤਿਆਰ ਕਰਨ ਦਾ ਕੰਮ ਪੰਜਾਬ ਵਿੱਚ ਪਹਿਲਾਂ ਕਦੇ ਨਹੀਂ ਹੋਇਆ। ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਕੁਝ ਸ਼ਰਾਰਤੀ ਅਨਸਰ ਜਾਣਬੁੱਝ ਕੇ ਗਲਤ ਤਸਵੀਰਾਂ ਅਤੇ ਵੀਡੀਓਜ਼ ਸੋਸ਼ਲ ਮੀਡੀਆ 'ਤੇ ਪਾ ਕੇ ਪੰਜਾਬ ਸਰਕਾਰ ਦੇ ਵਿਕਾਸ ਕਾਰਜਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਪੰਜਾਬ ਦੀ ਜਨਤਾ ਇਨ੍ਹਾਂ ਦੀ ਸਾਜ਼ਿਸ਼ ਨੂੰ ਸਮਝਦੀ ਹੈ ਅਤੇ ਅਜਿਹੀ ਰਾਜਨੀਤੀ ਨੂੰ ਸਫ਼ਲ ਨਹੀਂ ਹੋਣ ਦੇਵੇਗੀ। ਉਨ੍ਹਾਂ ਕਿਹਾ ਕਿ ਬਠਿੰਡਾ ਜ਼ਿਲ੍ਹੇ ਵਿੱਚ ਕੋਟਫੱਤਾ ਤੋਂ ਰਾਮਗੜ੍ਹ ਭੂੰਦੜ ਤੱਕ ਜਿਸ ਸੜਕ ਦਾ ਨਿਰਮਾਣ ਕਾਰਜ ਚੱਲ ਰਿਹਾ ਹੈ, ਉਹ ਵੀ ਸਰਕਾਰ ਵੱਲੋਂ ਕਰਵਾਏ ਜਾ ਰਹੇ 45 ਹਜ਼ਾਰ ਕਿਲੋਮੀਟਰ ਦੇ ਸੜਕੀ ਕਾਰਜ ਦਾ ਹੀ ਹਿੱਸਾ ਹੈ। ਮੰਤਰੀ ਨੇ ਕਿਹਾ ਕਿ ਇਹ ਕੋਈ ਨਵੀਂ ਸੜਕ ਨਹੀਂ ਸੀ, ਸਗੋਂ ਪਹਿਲਾਂ ਤੋਂ ਮੌਜੂਦ ਸੜਕ 'ਤੇ ਨਵੀਂ ਪੀਸੀ ਯਾਨੀ ਪੇਵਰ ਕੋਰਸ ਪਾਉਣ ਦਾ ਕੰਮ ਕੀਤਾ ਜਾ ਰਿਹਾ ਸੀ। 18 ਅਗਸਤ ਨੂੰ ਸੜਕ 'ਤੇ ਪੀਸੀ ਪਾਈ ਗਈ ਸੀ ਅਤੇ ਉਸੇ ਦਿਨ ਕੰਮ ਪੂਰੀ ਤਰ੍ਹਾਂ ਖ਼ਤਮ ਵੀ ਨਹੀਂ ਹੋਇਆ ਸੀ। ਇਸੇ ਦੌਰਾਨ ਸਾਬਕਾ ਅਕਾਲੀ ਸਰਪੰਚ ਗੁਰਵਿੰਦਰ ਸਿੰਘ ਵਾਸੀ ਰਾਮਗੜ੍ਹ ਭੂੰਦੜ ਉੱਥੇ ਪਹੁੰਚੇ ਅਤੇ ਕਥਿਤ ਤੌਰ 'ਤੇ ਅਧੂਰੇ ਕੰਮ ਵਿੱਚ ਦਖ਼ਲ ਦਿੰਦਿਆਂ ਸੜਕ ਦੇ ਹਿੱਸੇ ਨਾਲ ਛੇੜਛਾੜ ਕੀਤੀ ਗਈ ਅਤੇ ਉਸ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਪਾ ਦਿੱਤੀ ਗਈ। ਇਸ ਤੋਂ ਬਾਅਦ ਇਸੇ ਵੀਡੀਓ ਨੂੰ ਆਧਾਰ ਬਣਾ ਕੇ ਹਰਸਿਮਰਤ ਕੌਰ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਨੇ ਪੰਜਾਬ ਸਰਕਾਰ 'ਤੇ ਸਵਾਲ ਚੁੱਕਣ ਦੀ ਕੋਸ਼ਿਸ਼ ਕੀਤੀ। ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਇਹ ਬਹੁਤ ਹੀ ਅਫ਼ਸੋਸਜਨਕ ਹੈ ਕਿ ਜਿਸ ਪਿੰਡ ਵਿੱਚ ਸਰਕਾਰ ਵੱਲੋਂ ਸੜਕ ਦਾ ਕੰਮ ਕਰਵਾਇਆ ਜਾ ਰਿਹਾ ਹੈ, ਉਸੇ ਕੰਮ ਨੂੰ ਪੂਰਾ ਹੋਣ ਤੋਂ ਪਹਿਲਾਂ ਸਿਆਸੀ ਰੰਗ ਦੇ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸੜਕ ਦਾ ਕੰਮ ਅਜੇ ਪੂਰਾ ਹੀ ਨਹੀਂ ਹੋਇਆ ਸੀ ਤਾਂ ਕਿਸੇ ਨੂੰ ਅਧੂਰੇ ਨਿਰਮਾਣ ਕਾਰਜ ਨੂੰ ਲੈ ਕੇ ਗਲਤ ਧਾਰਨਾ ਪੈਦਾ ਕਰਨ ਵਾਲੀ ਵੀਡੀਓ ਬਣਾਉਣ ਅਤੇ ਉਸ ਦਾ ਪ੍ਰਚਾਰ ਕਰਨ ਦਾ ਹੱਕ ਨਹੀਂ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਕੰਮ ਵਿੱਚ ਇਸ ਤਰ੍ਹਾਂ ਦੀ ਦਖ਼ਲਅੰਦਾਜ਼ੀ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸਪੱਸ਼ਟ ਨੀਤੀ ਬਣਾਈ ਹੈ ਕਿ ਜਿਨ੍ਹਾਂ ਠੇਕੇਦਾਰਾਂ ਨੂੰ ਸੜਕ ਨਿਰਮਾਣ ਦਾ ਕੰਮ ਦਿੱਤਾ ਜਾ ਰਿਹਾ ਹੈ, ਉਨ੍ਹਾਂ ਲਈ ਪੰਜ ਸਾਲ ਤੱਕ ਸੜਕ ਦੀ ਮੁਰੰਮਤ ਦੀ ਜ਼ਿੰਮੇਵਾਰੀ ਵੀ ਤੈਅ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਸੜਕਾਂ ਦੀ ਗੁਣਵੱਤਾ ਨੂੰ ਲੈ ਕੇ ਪੂਰੀ ਤਰ੍ਹਾਂ ਗੰਭੀਰ ਹੈ ਅਤੇ ਕਿਸੇ ਵੀ ਪੱਧਰ 'ਤੇ ਲਾਪਰਵਾਹੀ ਸਾਹਮਣੇ ਆਉਣ 'ਤੇ ਸਬੰਧਤ ਠੇਕੇਦਾਰ ਜਾਂ ਅਧਿਕਾਰੀ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ।



ਹਰਭਜਨ ਸਿੰਘ ਈਟੀਓ ਨੇ ਹਰਸਿਮਰਤ ਕੌਰ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਨੂੰ ਖੁੱਲ੍ਹੀ ਚੁਣੌਤੀ ਦਿੰਦਿਆਂ ਕਿਹਾ ਕਿ ਜੇਕਰ ਉਨ੍ਹਾਂ ਨੂੰ ਲੱਗਦਾ ਹੈ ਕਿ ਸੜਕ ਇੰਨੀ ਕਮਜ਼ੋਰ ਹੈ ਕਿ ਹੱਥਾਂ ਨਾਲ ਉਖਾੜੀ ਜਾ ਸਕਦੀ ਹੈ, ਤਾਂ ਉਹ ਆਪਣੀ ਟੀਮ ਨਾਲ ਆਉਣ। ਉਨ੍ਹਾਂ ਕਿਹਾ, "ਮੈਂ ਕੱਲ੍ਹ 11 ਵਜੇ ਮੌਕੇ 'ਤੇ ਪਹੁੰਚਾਂਗਾ। ਤੁਸੀਂ ਦੋਵੇਂ ਵੀ ਉੱਥੇ ਪਹੁੰਚੋ ਅਤੇ ਜੇਕਰ ਹੱਥ ਨਾਲ ਸੜਕ ਉਖਾੜ ਕੇ ਦਿਖਾ ਦਿੰਦੇ ਹੋ ਤਾਂ ਸਬੰਧਤ ਠੇਕੇਦਾਰ ਜਾਂ ਅਧਿਕਾਰੀ ਖ਼ਿਲਾਫ਼ ਤੁਰੰਤ ਕਾਰਵਾਈ ਕੀਤੀ ਜਾਵੇਗੀ। ਪਰ ਜੇਕਰ ਅਜਿਹਾ ਨਾ ਕਰ ਸਕੇ ਤਾਂ ਪੰਜਾਬ ਦੀ ਜਨਤਾ ਦੇ ਸਾਹਮਣੇ ਗਲਤ ਪੋਸਟ ਅਤੇ ਵੀਡੀਓ ਫੈਲਾਉਣ ਲਈ ਜਨਤਕ ਤੌਰ 'ਤੇ ਮਾਫ਼ੀ ਮੰਗਣੀ ਪਵੇਗੀ। ਉਨ੍ਹਾਂ ਕਿਹਾ ਕਿ ਅਕਾਲੀ ਆਗੂ ਵਿਕਾਸ ਕਾਰਜਾਂ ਨੂੰ ਦੇਖਣ ਦੀ ਬਜਾਏ ਉਨ੍ਹਾਂ ਵਿੱਚ ਖਾਮੀਆਂ ਲੱਭ ਕੇ ਸਿਆਸੀ ਮੁੱਦਾ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ।



# ਸਰਕਾਰੀ ਹਾਈ ਸਮਾਰਟ ਸਕੂਲ ਘੁੰਗਰਾਲੀ ਰਾਜਪੂਤਾਂ ਦੀ ਅੰਡਰ-14 ਫੁੱਟਬਾਲ ਟੀਮ ਜ਼ਿਲ੍ਹੇ 'ਚੋਂ ਪਹਿਲੇ ਸਥਾਨ 'ਤੇ ਆਈ

ਜ਼ਿਕਰ ਪੰਜਾਬ

**ਖੰਨਾ/ਡੀ.ਪੀ.ਆਰ**

ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸਰਕਾਰੀ ਹਾਈ ਸਮਾਰਟ ਸਕੂਲ, ਘੁੰਗਰਾਲੀ ਰਾਜਪੂਤਾਂ ਨੇ ਇੱਕ ਵਾਰ ਫਿਰ ਸਿੱਖਿਆ ਦੇ ਨਾਲ-ਨਾਲ ਖੇਡਾਂ ਦੇ ਖੇਤਰ ਵਿੱਚ ਵੀ ਸ਼ਾਨਦਾਰ ਪ੍ਰਾਪਤੀ ਦਰਜ ਕਰਦਿਆਂ ਆਪਣੇ ਸਕੂਲ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਪੰਜਾਬ ਸਿੱਖਿਆ ਵਿਭਾਗ ਵੱਲੋਂ ਕਰਵਾਏ ਗਏ 70 ਵੇ ਖੇਡ ਮੁਕਾਬਲਿਆਂ ਵਿੱਚ ਸਕੂਲ ਦੀ ਅੰਡਰ-14 ਲੜਕਿਆਂ ਦੀ ਫੁੱਟਬਾਲ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਲੁਧਿਆਣਾ ਜ਼ਿਲ੍ਹੇ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਸਕੂਲ ਮੁੱਖੀ ਗੁਰਦੀਪ ਘਈ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕੂਲ ਹਮੇਸ਼ਾ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ। ਪੜ੍ਹਾਈ ਅਤੇ ਸਭਿਆਚਾਰਕ ਗਤੀਵਿਧੀਆਂ ਦੇ ਨਾਲ-ਨਾਲ ਖੇਡਾਂ ਨੂੰ ਵੀ ਬਰਾਬਰ ਮਹੱਤਵ ਦਿੱਤਾ ਜਾਂਦਾ ਹੈ, ਜਿਸ ਦਾ

**ਵਿਦਿਆ ਦੇ ਨਾਲ ਖੇਡਾਂ ਵਿੱਚ ਵੀ ਅੱਗੇ ਸਰਕਾਰੀ ਹਾਈ ਸਮਾਰਟ ਸਕੂਲ ਘੁੰਗਰਾਲੀ ਰਾਜਪੂਤਾਂ : ਗੁਰਦੀਪ ਘਈ**

ਨਤੀਜਾ ਅੱਜ ਵਿਦਿਆਰਥੀਆਂ ਦੀਆਂ ਲਗਾਤਾਰ ਪ੍ਰਾਪਤੀਆਂ ਦੇ ਰੂਪ ਵਿੱਚ ਸਾਹਮਣੇ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਜਿੱਤ ਵਿਦਿਆਰਥੀਆਂ ਦੀ ਮਿਹਨਤ, ਕੋਚਾਂ ਦੀ ਲਗਨ ਅਤੇ ਸਕੂਲ ਦੇ ਸਮੂਹ ਸਟਾਫ਼ ਦੇ ਸਹਿਯੋਗ ਦਾ ਨਤੀਜਾ ਹੈ। ਇਸ ਸ਼ਾਨਦਾਰ ਸਫਲਤਾ 'ਤੇ ਸਕੂਲ ਮੁੱਖੀ ਗੁਰਦੀਪ ਘਈ ਨੇ ਟੀਮ ਦੇ ਕੋਚ ਪਰਦੀਪ ਸਿੰਘ ਅਤੇ ਜਗਦੇਵ ਸਿੰਘ ਸਮੇਤ ਸਮੂਹ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਅਗਲੇ ਪੱਧਰ ਦੇ ਮੁਕਾਬਲਿਆਂ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਸਮੂਹ ਪੰਚਾਇਤ, ਸਕੂਲ ਮੈਨੇਜਮੈਂਟ ਕਮੇਟੀ ਅਤੇ ਦੇਸ਼-ਵਿਦੇਸ਼ ਵਿੱਚ ਰਹਿੰਦੇ ਸਕੂਲ ਦੇ ਸ਼ੁਭਚਿੰਤਕਾਂ ਵੱਲੋਂ ਵੀ ਵਧਾਈ ਸੰਦੇਸ਼ ਪ੍ਰਾਪਤ ਹੋਏ। ਇਸ ਮੌਕੇ ਅਸ਼ੀਸ਼ ਕੁਮਾਰ, ਚਰਨਜੀਤ ਕੌਰ, ਪਰਮਿੰਦਰ ਕੌਰ, ਪੁਸ਼ਪਿੰਦਰ ਸਿੰਘ, ਸੰਦੀਪ ਕੌਰ, ਜਸਪ੍ਰੀਤ ਕੌਰ, ਗੁਰਚਰਨ ਦਾਸ, ਜਗਦੀਪ ਸਿੰਘ, ਪਰਵਿੰਦਰ ਕੌਰ, ਸੰਦੀਪ ਕੌਰ ਅਤੇ ਨਵਦੀਪ ਸਿੰਘ ਸਮੇਤ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ। ਸਕੂਲ ਪਰਿਵਾਰ ਨੇ ਆਸ ਪ੍ਰਗਟਾਈ ਕਿ ਟੀਮ ਅਗਲੇ ਮੁਕਾਬਲਿਆਂ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕਰਕੇ ਨਵੀਆਂ ਉਪਲਬਧੀਆਂ ਹਾਸਲ ਕਰੇਗੀ।

# ਹਥਿਆਰਾਂ ਦੇ ਬਦਲੇ ਕੈਨੇਡਾ 'ਚ ਭੇਜੀ ਜਾ ਰਹੀ ਸੀ 3.5 ਕਰੋੜ ਰੁਪਏ ਦੀ ਅਫੀਮ

## ਅਰਸ਼ ਡੱਲਾ, ਉਸਦੇ ਵਿਦੇਸ਼ੀ ਹੈਂਡਲਰਾਂ ਅਤੇ ਹੋਰ ਫਰਾਰ ਮੁਲਜ਼ਮਾਂ ਦੀਆਂ ਭੂਮਿਕਾਵਾਂ ਦੀ ਜਾਂਚ ਜਾਰੀ

ਜ਼ਿਕਰ ਪੰਜਾਬ

**ਨਵੀਂ ਦਿੱਲੀ:** ਦਿੱਲੀ ਪੁਲਿਸ ਦੀ ਅਪਰਾਧ ਸ਼ਾਖਾ ਨੇ ਇੱਕ ਵੱਡੇ ਅੰਤਰਰਾਸ਼ਟਰੀ ਨਾਰਕੋ-ਅੱਤਵਾਦ ਸਿੰਡੀਕੇਟ ਦਾ ਪਰਦਾਫਾਸ਼ ਕੀਤਾ ਹੈ ਅਤੇ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਜਾਂਚ ਵਿੱਚ ਕਥਿਤ ਤੌਰ 'ਤੇ ਇਹ ਖੁਲਾਸਾ ਹੋਇਆ ਹੈ ਕਿ ਭਾਰਤ ਤੋਂ ਕੈਨੇਡਾ ਭੇਜੀ ਗਈ ਅਫੀਮ ਦੀ ਖੇਪ ਵਿਦੇਸ਼ਾਂ ਵਿੱਚ ਕੰਮ ਕਰ ਰਹੇ ਇੱਕ ਅੱਤਵਾਦੀ ਨੈੱਟਵਰਕ ਨੂੰ ਫੰਡਿੰਗ ਕਰ ਰਹੀ ਸੀ। ਇਸ ਨੈੱਟਵਰਕ ਦੇ ਪਾਬੰਦੀਸ਼ੁਦਾ ਅਤੇ ਨਾਮਜ਼ਦ ਖਾਲਿਸਤਾਨੀ ਅੱਤਵਾਦੀ ਅਰਸ਼ਦੀਪ ਸਿੰਘ ਉਰਫ਼ ਅਰਸ਼ ਡੱਲਾ ਦੇ ਨੈੱਟਵਰਕ ਨਾਲ ਸਿੱਧੇ ਸਬੰਧ ਹਨ। ਜਾਂਚ ਵਿੱਚ ਨਸ਼ਿਆਂ ਦੇ ਬਦਲੇ ਹਥਿਆਰਾਂ ਦੀ ਸਪਲਾਈ ਨਾਲ ਜੁੜੇ ਇੱਕ ਕਥਿਤ ਗੱਠਜੋੜ ਦਾ ਵੀ ਖੁਲਾਸਾ ਹੋਇਆ ਹੈ। ਕ੍ਰਾਈਮ ਬ੍ਰਾਂਚ ਦੇ ਸਪੈਸ਼ਲ ਕਮਿਸ਼ਨਰ ਆਫ਼ ਪੁਲਿਸ ਐਚ.ਜੀ.ਐਸ. ਧਾਲੀਵਾਲ ਨੇ ਕਿਹਾ ਕਿ ਇਹ ਕਾਰਵਾਈ ਸਿਰਫ਼ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਰੁੱਧ ਹੀ ਨਹੀਂ ਹੈ, ਸਗੋਂ ਨਾਰਕੋ-ਅੱਤਵਾਦ ਦੇ ਖ਼ਤਰੇ ਵਿਰੁੱਧ ਵੀ ਹੈ, ਜਿਸ ਵਿੱਚ ਨਸ਼ੀਲੇ ਪਦਾਰਥਾਂ ਦੀ ਕਮਾਈ ਨੂੰ ਦੇਸ਼ ਵਿਰੋਧੀ ਗਤੀਵਿਧੀਆਂ ਅਤੇ ਹਥਿਆਰਾਂ ਦੀ ਤਸਕਰੀ ਲਈ ਵਿੱਤ ਪ੍ਰਦਾਨ ਕਰਨ ਲਈ ਵਰਤਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਕ੍ਰਾਈਮ ਬ੍ਰਾਂਚ ਅਜਿਹੇ ਨੈੱਟਵਰਕਾਂ ਨੂੰ ਜੜ੍ਹੋਂ ਪੁੱਟਣ ਅਤੇ ਇਸ ਵਿੱਚ ਸ਼ਾਮਲ ਸਾਰੇ ਲੋਕਾਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਲਈ ਵਚਨਬੱਧ ਹੈ। ਪੁਲਿਸ ਦੇ ਮੁਤਾਬਕ




ਅਰਸ਼ ਡੱਲਾ ਅਤੇ ਹੋਰ ਫਰਾਰ ਮੁਲਜ਼ਮਾਂ, ਜਿਨ੍ਹਾਂ ਵਿੱਚ ਉਸਦੇ ਵਿਦੇਸ਼ੀ ਹੈਂਡਲਰ ਵੀ ਸ਼ਾਮਲ ਹਨ, ਦੀ ਭੂਮਿਕਾ ਦੀ ਜਾਂਚ ਜਾਰੀ ਹੈ। ਕੈਨੇਡਾ ਵਿੱਚ ਇਸ ਖੇਪ ਦੀ ਅਨੁਮਾਨਿਤ ਅੰਤਰਰਾਸ਼ਟਰੀ ਕੀਮਤ ਲਗਭਗ 3.5 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ। ਪੁਲਿਸ ਹੁਣ ਪੂਰੇ ਵਿੱਤੀ ਟ੍ਰੇਲ ਅਤੇ ਹਥਿਆਰਾਂ ਲਈ ਨਸ਼ੀਲੇ ਪਦਾਰਥਾਂ ਦੇ ਨੈੱਟਵਰਕ ਦੀ ਜਾਂਚ ਕਰ ਰਹੀ ਹੈ। ਈਮ ਬ੍ਰਾਂਚ ਦੇ ਮੁਤਾਬਕ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ, ਹਰਦੀਪ ਸਿੰਘ ਵਾਸੀ ਬਰਨਾਲਾ, ਪੰਜਾਬ, ਨੈੱਟਵਰਕ ਦਾ ਕਥਿਤ ਸੰਚਾਲਨ ਕੋਆਰਡੀਨੇਟਰ ਸੀ। ਯਾਦਵਿੰਦਰ ਸਿੰਘ ਉਰਫ਼ ਜਸ਼ਨ ਸੰਧੂ (30), ਸਿਰਸਾ, ਹਰਿਆਣਾ, ਖਰੀਦ, ਪੈਕਿੰਗ ਅਤੇ ਵਿਦੇਸ਼ੀ ਸੰਪਰਕਾਂ ਵਿਚਕਾਰ ਕਥਿਤ ਕੜੀ ਸੀ। ਸਿਮਰਨਜੀਤ ਸਿੰਘ (24), ਬਠਿੰਡਾ, ਨੇ ਸ਼ਿਪਮੈਂਟ ਅਤੇ ਜਾਅਲੀ ਕੇਵਾਈਸੀ ਦਾ ਪ੍ਰਬੰਧ ਕੀਤਾ। ਜੀਵਨ ਸਿੰਘ (23), ਬਲੋਤਰਾ, ਰਾਜਸਥਾਨ, ਨੈੱਟਵਰਕ ਦਾ ਕਥਿਤ ਡਿਸਪੈਚਰ ਸੀ। ਹਰਦੀਪ ਵਿਰੁੱਧ ਪਹਿਲਾਂ ਵੀ ਐਨਡੀਪੀਐਸ ਕੇਸ ਦਰਜ ਹੈ। ਜਾਂਚ ਦੌਰਾਨ, ਕ੍ਰਾਈਮ ਬ੍ਰਾਂਚ ਨੇ ਕਥਿਤ ਤੌਰ 'ਤੇ ਪਾਇਆ ਕਿ ਅਫੀਮ ਦੀ ਵਿਕਰੀ ਤੋਂ ਪ੍ਰਾਪਤ ਹੋਣ ਵਾਲੀ ਕਮਾਈ ਵਿਦੇਸ਼ਾਂ ਵਿੱਚ ਸਥਿਤ ਇੱਕ ਨੈੱਟਵਰਕ ਲਈ ਫੰਡਿੰਗ ਅਤੇ ਹਥਿਆਰ ਖਰੀਦਣ ਲਈ ਵਰਤੀ ਜਾਂਦੀ ਸੀ। ਪੁਲਿਸ ਦੇ ਮੁਤਾਬਕ ਹਥਿਆਰਾਂ ਨੂੰ ਡਰੋਨ ਰਾਹੀਂ ਸਰਹੱਦ ਪਾਰ ਪੰਜਾਬ ਵਿੱਚ ਲਿਜਾਣ ਦਾ ਸ਼ੱਕ ਹੈ। ਨੈੱਟਵਰਕ ਦੇ ਮੈਂਬਰ ਇਨਕ੍ਰਿਪਟਡ ਐਪਸ ਅਤੇ ਇੰਟਰਨੈਟ-ਅਧਾਰਤ ਨੰਬਰਾਂ ਰਾਹੀਂ ਸੰਚਾਰ ਕਰਦੇ ਸਨ। ਇਹ ਮਾਮਲਾ 7 ਫਰਵਰੀ, 2026 ਦਾ ਹੈ। ਕ੍ਰਾਈਮ ਬ੍ਰਾਂਚ ਨੂੰ ਸੂਚਨਾ ਮਿਲੀ ਸੀ ਕਿ ਦਿੱਲੀ ਤੋਂ ਕੈਨੇਡਾ ਭੇਜੇ ਜਾ ਰਹੇ ਇੱਕ ਕੋਰੀਅਰ ਪਾਰਸਲ ਵਿੱਚ ਖਾਣ-ਪੀਣ ਦੀਆਂ ਚੀਜ਼ਾਂ ਦੇ ਹੇਠਾਂ ਨਸ਼ੀਲੇ ਪਦਾਰਥ ਲੁਕਾਏ ਗਏ ਸਨ। ਮੋਤੀ ਨਗਰ ਵਿੱਚ ਕੋਰੀਅਰ ਕੰਪਨੀ ਪਹੁੰਚਣ 'ਤੇ ਕ੍ਰਾਈਮ ਬ੍ਰਾਂਚ ਦੀ ਟੀਮ ਨੇ ਪਾਰਸਲ ਨੂੰ ਰੋਕਿਆ ਅਤੇ ਇਸਦੀ ਜਾਂਚ ਕੀਤੀ, ਜਿਸ ਵਿੱਚ ਡੱਬੇ ਦੇ ਅੰਦਰ ਇੱਕ ਨਕਲੀ ਚਾਂਦੀ ਦੀ ਫੁਆਇਲ ਬੇਸ ਮਿਲਿਆ। ਇਸਦੇ ਹੇਠਾਂ ਲਗਭਗ 2.998 ਕਿਲੋਗ੍ਰਾਮ ਅਫੀਮ ਲੁਕਾਈ ਹੋਈ ਸੀ। ਪਾਰਸਲ ਬਿਸਕੁਟ, ਮਠਿਆਈਆਂ ਅਤੇ ਹੋਰ ਆਮ ਚੀਜ਼ਾਂ ਨਾਲ ਢੱਕਿਆ ਹੋਇਆ ਸੀ। ਕ੍ਰਾਈਮ ਬ੍ਰਾਂਚ ਨੇ ਪੂਰੀ ਕੋਰੀਅਰ ਚੇਨ, ਮੋਬਾਈਲ ਫੋਨ, ਬੈਂਕ ਖਾਤਿਆਂ, ਡਿਜੀਟਲ ਗੱਲਬਾਤ ਅਤੇ ਪੈਸੇ ਦੇ ਲੈਣ-ਦੇਣ ਦੀ ਜਾਂਚ ਕੀਤੀ। ਇਸ ਤੋਂ ਪੰਜਾਬ, ਹਰਿਆਣਾ ਅਤੇ ਰਾਜਸਥਾਨ ਤੱਕ ਫੈਲੇ ਇੱਕ ਨੈੱਟਵਰਕ ਦਾ ਖੁਲਾਸਾ ਹੋਇਆ। ਜਾਂਚ ਦੌਰਾਨ, ਵੱਖ-ਵੱਖ ਖੇਪਾਂ ਤੋਂ ਕੁੱਲ 5.138 ਕਿਲੋਗ੍ਰਾਮ ਅਫੀਮ ਬਰਾਮਦ ਕੀਤੀ ਗਈ। ਪੁਲਿਸ ਨੇ ਸਿਮਰਨਜੀਤ ਸਿੰਘ, ਹਰਦੀਪ ਸਿੰਘ, ਯਾਦਵਿੰਦਰ ਸਿੰਘ ਉਰਫ਼ ਜਸ਼ਨ ਸੰਧੂ ਅਤੇ ਜੀਵਨ ਸਿੰਘ ਨੂੰ ਗ੍ਰਿਫ਼ਤਾਰ ਕੀਤਾ।

# ਅੰਮ੍ਰਿਤਪਾਲ ਸਿੰਘ ਨੂੰ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਦਾ ਜੁਆਇੰਟ ਸਕੱਤਰ ਬਣਨ 'ਤੇ ਕਾਲਕਾ ਵੱਲੋਂ ਵਧਾਈ



ਜ਼ਿਕਰ ਪੰਜਾਬ

**ਨਵੀਂ ਦਿੱਲੀ** : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਸਰਦਾਰ ਅੰਮ੍ਰਿਤਪਾਲ ਸਿੰਘ ਨੂੰ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਦੇ ਜੁਆਇੰਟ ਸਕੱਤਰ ਦੀ ਜ਼ਿੰਮੇਵਾਰੀ ਸੌਂਪੇ ਜਾਣ 'ਤੇ ਦਿਲੋਂ ਵਧਾਈ ਦਿੱਤੀ ਹੈ। ਸਰਦਾਰ ਕਾਲਕਾ ਨੇ ਸਰਦਾਰ ਅੰਮ੍ਰਿਤਪਾਲ ਸਿੰਘ ਨੂੰ ਇਸ ਨਵੀਂ ਜ਼ਿੰਮੇਵਾਰੀ ਲਈ ਸ਼ੁਭਕਾਮਨਾਵਾਂ ਦਿੰਦਿਆਂ ਵਿਸ਼ਵਾਸ ਪ੍ਰਗਟਾਇਆ ਕਿ ਉਹ ਆਪਣੀ ਮਿਹਨਤ, ਲਗਨ ਅਤੇ ਸਮਰਪਣ ਨਾਲ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਕਿਸੇ ਵੀ ਸੰਸਥਾ ਜਾਂ ਜਥੇਬੰਦੀ ਦੀ ਮਜ਼ਬੂਤੀ ਲਈ ਸਮਰਪਿਤ ਅਤੇ ਜ਼ਿੰਮੇਵਾਰ ਆਗੂਆਂ ਦੀ ਭੂਮਿਕਾ ਅਹਿਮ ਹੁੰਦੀ ਹੈ। ਸਰਦਾਰ ਕਾਲਕਾ ਨੇ ਆਸ ਪ੍ਰਗਟਾਈ ਕਿ ਸਰਦਾਰ ਅੰਮ੍ਰਿਤਪਾਲ ਸਿੰਘ ਪੰਥ ਦੀ ਸੇਵਾ ਨੂੰ ਆਪਣੀ ਪਹਿਲੀ ਤਰਜੀਹ ਬਣਾਉਂਦਿਆਂ ਪਾਰਟੀ ਨੂੰ ਮਜ਼ਬੂਤ ਕਰਨ ਅਤੇ ਇਸ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਲਗਾਤਾਰ ਯਤਨਸ਼ੀਲ ਰਹਿਣਗੇ। ਉਨ੍ਹਾਂ ਕਿਹਾ ਕਿ ਨੌਜਵਾਨਾਂ ਅਤੇ ਪੰਥਕ ਸੋਚ ਰੱਖਣ ਵਾਲੇ ਵਰਕਰਾਂ ਨੂੰ ਨਾਲ ਲੈ ਕੇ ਚੱਲਣ ਨਾਲ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਪਾਰਟੀ ਨੂੰ ਹੋਰ ਮਜ਼ਬੂਤੀ ਮਿਲੇਗੀ। ਸਰਦਾਰ ਕਾਲਕਾ ਨੇ ਸਰਦਾਰ ਅੰਮ੍ਰਿਤਪਾਲ ਸਿੰਘ ਦੇ ਸਫਲ ਕਾਰਜਕਾਲ ਅਤੇ ਨਵੀਂ ਜ਼ਿੰਮੇਵਾਰੀ ਵਿੱਚ ਕਾਮਯਾਬੀ ਲਈ ਦਿਲੋਂ ਸ਼ੁਭਕਾਮਨਾਵਾਂ ਭੇਟ ਕੀਤੀਆਂ।

# ਯੂਕੇ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਵਿਦੇਸ਼ੀ ਮਾਮਲਿਆਂ ਦੇ ਮੰਤਰੀ ਰਵਜੋਤ ਸਿੰਘ ਨਾਲ ਮੁਲਾਕਾਤ ਕੀਤੀ

ਜ਼ਿਕਰ ਪੰਜਾਬ

**ਚੰਡੀਗੜ੍ਹ** : ਪੰਜਾਬ ਦੇ ਵਿਦੇਸ਼ੀ ਮਾਮਲਿਆਂ ਦੇ ਮੰਤਰੀ ਰਵਜੋਤ ਸਿੰਘ ਅਤੇ ਯੂਕੇ ਦੇ ਸੰਸਦ ਮੈਂਬਰ ਅਤੇ ਬ੍ਰਿਟਿਸ਼ ਸੰਸਦ ਦੀ ਰੱਖਿਆ ਕਮੇਟੀ ਦੇ ਚੇਅਰਮੈਨ ਤਨਮਨਜੀਤ ਸਿੰਘ ਢੇਸੀ ਨੇ ਕੱਲ੍ਹ ਚੰਡੀਗੜ੍ਹ ਵਿੱਚ ਮੁਲਾਕਾਤ ਕੀਤੀ ਅਤੇ ਵਿਦੇਸ਼ੀ ਪੰਜਾਬੀਆਂ ਨਾਲ ਸਬੰਧਤ ਵੱਖ-ਵੱਖ ਮੁੱਦਿਆਂ 'ਤੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ, ਜਿਸ ਵਿੱਚ ਪੰਜਾਬ ਨਾਲ ਹਵਾਈ ਸੰਪਰਕ, ਨਿਵੇਸ਼ ਅਤੇ ਜਾਇਦਾਦ ਦੀ ਸੁਰੱਖਿਆ ਸ਼ਾਮਲ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਪਰਮਜੀਤ ਸਿੰਘ ਰਾਏਪੁਰ ਵੀ ਮੌਜੂਦ ਸਨ। ਮੀਟਿੰਗ ਦੌਰਾਨ, ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ, ਅੰਮ੍ਰਿਤਸਰ ਅਤੇ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡਾ, ਚੰਡੀਗੜ੍ਹ ਤੋਂ ਹੋਰ ਅੰਤਰਰਾਸ਼ਟਰੀ ਉਡਾਣਾਂ ਸ਼ੁਰੂ ਕਰਨ ਅਤੇ ਮੌਜੂਦਾ ਸਿੱਧੀਆਂ ਹਵਾਈ ਸੇਵਾਵਾਂ ਦਾ ਵਿਸਥਾਰ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਗਿਆ। ਲੰਡਨ, ਬਰਮਿੰਘਮ ਅਤੇ ਹੋਰ ਪ੍ਰਮੁੱਖ ਯੂਰਪੀਅਨ ਸ਼ਹਿਰਾਂ ਨਾਲ ਪੰਜਾਬ ਦੀ ਸਿੱਧੀ ਹਵਾਈ ਸੰਪਰਕ ਨੂੰ ਹੋਰ ਮਜ਼ਬੂਤ ਕਰਨ ਦੇ ਨਾਲ-ਨਾਲ ਦੋਵਾਂ ਹਵਾਈ ਅੱਡਿਆਂ 'ਤੇ ਹਵਾਈ ਮਾਲ ਢੋਆ-ਢੁਆਈ ਲਈ ਬਿਹਤਰ ਕਾਰਗੋ ਬੁਨਿਆਦੀ ਢਾਂਚਾ ਵਿਕਸਤ ਕਰਨ 'ਤੇ ਵੀ ਚਰਚਾ ਕੀਤੀ ਗਈ। ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਪੰਜਾਬ ਅਤੇ ਵਿਦੇਸ਼ੀ ਪੰਜਾਬੀਆਂ ਵਿਚਕਾਰ ਆਰਥਿਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਬਿਹਤਰ ਹਵਾਈ ਅਤੇ ਕਾਰਗੋ ਸੰਪਰਕ ਬਹੁਤ ਜ਼ਰੂਰੀ ਹੈ। ਇਸ ਨਾਲ ਪੰਜਾਬ ਦੇ ਨਾਲ-ਨਾਲ ਹੋਰ ਰਾਜਾਂ ਵਿੱਚ ਉਦਯੋਗ, ਖੇਤੀਬਾੜੀ, ਵਪਾਰ, ਸੈਰ-ਸਪਾਟਾ ਅਤੇ ਰੁਜ਼ਗਾਰ ਦੇ ਮੌਕਿਆਂ ਨੂੰ ਕਾਫ਼ੀ ਹੁਲਾਰਾ ਮਿਲੇਗਾ ਅਤੇ ਸੂਬੇ ਵਿੱਚ ਵਿਦੇਸ਼ੀ ਪੰਜਾਬੀਆਂ ਵੱਲੋਂ ਨਿਵੇਸ਼ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਮੀਟਿੰਗ ਦੌਰਾਨ, ਵਿਦੇਸ਼ੀ ਪੰਜਾਬੀਆਂ ਨਾਲ ਸਬੰਧਤ ਜ਼ਮੀਨ ਅਤੇ ਜਾਇਦਾਦ ਦੇ ਵਿਵਾਦਾਂ ਦੇ ਮੁੱਦੇ ਨੂੰ ਵੀ ਉਜਾਗਰ ਕੀਤਾ ਗਿਆ। ਸ੍ਰੀ ਢੇਸੀ ਨੇ ਅਜਿਹੇ ਮਾਮਲਿਆਂ ਨੂੰ ਇੱਕ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਹੱਲ ਕਰਨ ਅਤੇ ਪ੍ਰਵਾਸੀ ਭਾਰਤੀਆਂ ਨੂੰ ਵਾਰ-ਵਾਰ ਪੰਜਾਬ ਆਉਣ ਜਾਂ ਲੰਬੀਆਂ ਨਿਆਂਇਕ ਅਤੇ ਪ੍ਰਸ਼ਾਸਕੀ ਪ੍ਰਕਿਰਿਆਵਾਂ ਵਿੱਚ ਉਲਝਣ ਤੋਂ



ਰੋਕਣ ਲਈ ਪ੍ਰਭਾਵਸ਼ਾਲੀ ਵਿਧੀਆਂ ਸਥਾਪਤ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਵਿਦੇਸ਼ੀ ਪੰਜਾਬੀਆਂ ਵਿਰੁੱਧ ਜਾਇਦਾਦ ਦੀ ਧੋਖਾਧੜੀ, ਸਾਈਬਰ ਅਪਰਾਧਾਂ ਅਤੇ ਹੋਰ ਸ਼ਿਕਾਇਤਾਂ ਦੇ ਤੁਰੰਤ ਹੱਲ ਨੂੰ ਯਕੀਨੀ ਬਣਾਉਣ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ। ਵਿਦੇਸ਼ੀ ਪੰਜਾਬੀ ਕਾਰੋਬਾਰੀਆਂ, ਉਦਯੋਗਪਤੀਆਂ ਅਤੇ ਖੇਡ ਪ੍ਰਮੋਟਰਾਂ ਦੁਆਰਾ ਮਿਲ ਰਹੀਆਂ ਧਮਕੀਆਂ ਅਤੇ ਫਿਰੌਤੀ ਦੀਆਂ ਮੰਗਾਂ 'ਤੇ ਵੀ ਚਿੰਤਾ ਪ੍ਰਗਟ ਕੀਤੀ ਗਈ। ਸ੍ਰੀ ਢੇਸੀ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਦੀ ਸੁਰੱਖਿਆ ਅਤੇ ਉਨ੍ਹਾਂ ਦੇ ਵਪਾਰਕ ਹਿੱਤਾਂ ਦੀ ਰੱਖਿਆ ਨਾਲ ਸਬੰਧਤ ਮਾਮਲਿਆਂ ਨੂੰ ਕੇਂਦਰ ਸਰਕਾਰ ਅਤੇ ਸਬੰਧਤ ਸੁਰੱਖਿਆ ਏਜੰਸੀਆਂ ਦੇ ਧਿਆਨ ਵਿੱਚ ਲਿਆਂਦਾ ਜਾਣਾ ਚਾਹੀਦਾ ਹੈ।

ਇਸ ਤੋਂ ਇਲਾਵਾ, ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਨੂੰ ਦੁਬਾਰਾ ਖੋਲ੍ਹਣ ਅਤੇ ਇਸ ਰਾਹੀਂ ਸ਼ਰਧਾਲੂਆਂ ਦੀ ਸੁਚਾਰੂ ਆਵਾਜਾਈ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਕਦਮਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਦੋਵੇਂ ਆਗੂ ਇਸ ਗੱਲ 'ਤੇ ਸਹਿਮਤ ਹੋਏ ਕਿ ਪੰਜਾਬ ਅਤੇ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਵਿਚਕਾਰ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਅਜਿਹੇ ਮੁੱਦਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕੀਤਾ ਜਾਣਾ ਚਾਹੀਦਾ ਹੈ। ਵਿਦੇਸ਼ੀ ਪੰਜਾਬੀ ਮਾਮਲਿਆਂ ਦੇ ਮੰਤਰੀ ਰਵਜੋਤ ਸਿੰਘ ਨੇ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਵਿਦੇਸ਼ੀ ਪੰਜਾਬੀਆਂ ਨਾਲ ਸਬੰਧਤ ਮੁੱਦਿਆਂ ਨੂੰ ਗੰਭੀਰਤਾ ਨਾਲ ਲਵੇਗੀ ਅਤੇ ਇਸ ਮਾਮਲੇ ਨੂੰ ਢੁਕਵੇਂ ਪੱਧਰ 'ਤੇ ਉਠਾਏਗੀ।

# 5 ਕਰੋੜ ਰੁਪਏ ਦਾ ਦੋਸ਼ ਬੇਬੁਨਿਆਦ, ਪੰਜਾਬ ਦੇ ਮੁੱਖ ਮੰਤਰੀ ਮਾਨ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼

ਜ਼ਿਕਰ ਪੰਜਾਬ

**ਪਟਿਆਲਾ** : ਬਲਾਤਕਾਰ ਦੇ ਮਾਮਲੇ ਨੂੰ ਰਫਾ-ਦਫਾ ਕਰਨ ਲਈ 5 ਕਰੋੜ ਰੁਪਏ ਮੰਗਣ ਦੇ ਦੋਸ਼ਾਂ 'ਤੇ ਆਪਣੀ ਪਹਿਲੀ ਜਨਤਕ ਪ੍ਰਤੀਕਿਰਿਆ ਵਿੱਚ, ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਮਾਨ ਨੇ ਐਤਵਾਰ ਨੂੰ ਦੋਸ਼ਾਂ ਨੂੰ ÷ਬੇਬੁਨਿਆਦ÷ ਕਰਾਰ ਦਿੱਤਾ ਅਤੇ ਉਨ੍ਹਾਂ ਨੂੰ ਦੋਸ਼ ਸਾਬਤ ਕਰਨ ਜਾਂ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨ ਲਈ ਚੁਣੌਤੀ ਦਿੱਤੀ। ਪਟਿਆਲਾ ਵਿੱਚ ਤੀਜ ਸਮਾਗਮ ਵਿੱਚ ਹਿੱਸਾ ਲੈਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ, ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਪੰਜਾਬ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰਾਜ ਲਾਲੀ ਗਿੱਲ ਦੇ ਨਾਲ ਮੌਜੂਦ ਡਾ. ਮਾਨ ਨੇ ਕਿਹਾ ਕਿ ਇਹ ਦੋਸ਼ ਮੁੱਖ ਮੰਤਰੀ ਨੂੰ ਰਾਜਨੀਤਿਕ ਤੌਰ 'ਤੇ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਤੋਂ ਵੱਧ ਕੁਝ ਨਹੀਂ ਹਨ। ਮੈਂ ਉਨ੍ਹਾਂ ਦੇ ਲਗਾਏ ਗਏ ਦੋਸ਼ਾਂ ਤੋਂ ਡਰਦੀ ਨਹੀਂ ਹਾਂ। ਮੈਂ ਉਨ੍ਹਾਂ ਨੂੰ ਚੁਣੌਤੀ ਦਿੰਦੀ ਹਾਂ ਕਿ ਉਹ ਆਪਣੇ ਦੋਸ਼ਾਂ ਨੂੰ ਸਾਬਤ ਕਰਨ ਜਾਂ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨ।

# ਅਕਾਲੀ ਦਲ ਵਾਰਸ ਪੰਜਾਬ ਵੱਲੋਂ ਜਲਦੀ ਹੀ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਜਾਵੇਗਾ : ਬਾਪੂ ਤਰਸੇਮ ਸਿੰਘ



ਜ਼ਿਕਰ ਪੰਜਾਬ

**ਫਤਿਹਗੜ੍ਹ ਸਾਹਿਬ** : ਅਕਾਲੀ ਦਲ ਵਾਰਸ ਪੰਜਾਬ ਵੱਲੋਂ ਸਮਾਜ ਵਿੱਚ ਚੰਗੇ ਅਕਸ਼ ਤੇ ਆਧਾਰ ਰੱਖਣ ਵਾਲੀ ਵਿਅਕਤੀਆਂ ਨੂੰ ਟਿਕਟਾਂ ਦੇ ਕੇ ਨਿਵਾਜਿਆ ਜਾਵੇਗਾ । ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਫਤਿਹਗੜ੍ਹ ਸਾਹਿਬ ਤੋਂ ਪਾਰਟੀ ਦੇ ਸੀਨੀਅਰ ਆਗੂ ਅਮਰਇੰਦਰ ਸਿੰਘ ਲਿਬੜਾ ਦੇ ਨਜ਼ਦੀਕੀ ਪ੍ਰੀਤਮ ਸਿੰਘ ਨਾਗਰਾ ਦੇ ਗ੍ਰਿਹ ਵਿਖੇ ਵਿਸ਼ੇਸ਼ ਤੌਰ 'ਤੇ ਪਹੁੰਚੇ ਅਕਾਲੀ ਦਲ ਵਾਰਿਸ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਬਾਪੂ ਤਰਸੇਮ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਆਂ ਕੀਤਾ । ਉਹਨਾਂ ਕਿਹਾ ਕਿ ਪਾਰਟੀ ਵੱਲੋਂ ਐਲਾਨੇ ਜਾਣ ਵਾਲੇ ਉਮੀਦਵਾਰਾਂ ਦੀ ਸੂਚੀ ਤਿਆਰ ਕੀਤੀ ਜਾ ਰਹੀ ਹੈ ਅਤੇ ਜਲਦੀ ਹੀ ਕਰਮਵਾਰ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਜਾਵੇਗਾ। ਇਸ ਮੌਕੇ ਤੇ ਪ੍ਰੀਤਮ ਸਿੰਘ ਨਾਗਰਾ ਦੇ ਗ੍ਰਹਿ ਵਿਖੇ ਪਹੁੰਚਣ ਤੇ ਬਾਪੂ ਤਰਸੇਮ ਸਿੰਘ ਦਾ ਸਥਾਨਕ ਆਗੂਆਂ ਅਤੇ ਵਰਕਰਾਂ ਨੇ ਨਿੱਘਾ ਸਵਾਗਤ ਕੀਤਾ ਗਿਆ ਅਤੇ ਵੱਖ-ਵੱਖ ਸਿਆਸੀ ਤੇ ਸਮਾਜਿਕ ਮੁੱਦਿਆਂ ਸਬੰਧੀ ਵਿਚਾਰ-ਵਟਾਂਦਰਾ ਕੀਤਾ। ਇਸ ਮੌਕੇ ਬਾਪੂ ਤਰਸੇਮ ਸਿੰਘ ਨੇ ਅਤੇ ਸ ਲਿਬੜਾ ਨੇ ਆਪਣੇ ਹਾਜਰ ਵਰਕਰਾਂ ਨਾਲ ਵਿਚਾਰ ਸਾਂਝੇ ਕੀਤੇ ਅਤੇ ਪਾਰਟੀ ਦੀ ਚੜ੍ਹਦੀ ਕਲਾ, ਮਜ਼ਬੂਤੀ ਅਤੇ ਆਉਣ ਵਾਲੀਆਂ ਸਰਗਰਮੀਆਂ ਸਬੰਧੀ ਵਿਸਥਾਰ ਨਾਲ ਚਰਚਾ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਪਾਲ ਸਿੰਘ ਦਾਦੂਮਾਜਰਾ, ਬਲਵਿੰਦਰ ਸਿੰਘ ਸੋਹੀ ਪ੍ਰਧਾਨ ਲੋਕਲ ਗੁਰਦਵਾਰਾ ਪ੍ਰਬੰਧਕ ਕਮੇਟੀ, ਸਵਰਨ ਸਿੰਘ ਬਾਠ, ਕਿਰਪਾਲ ਸਿੰਘ, ਅਮਰਜੀਤ ਸਿੰਘ ਚੀਮਾ ,ਜਸਪਾਲ ਸਿੰਘ ਚੀਮਾ ਮਾਤਾ ਗੁਜਰੀ ਕਲੋਨੀ,ਨਵਤੇਜ ਸਿੰਘ ਚੀਮਾ ,ਕੁਲਦੀਪ ਸਿੰਘ ਸੈਣੀ ,ਅਮਰਜੀਤ ਸਿੰਘ ਲੰਬੜਦਾਰ ,ਜਸਵੀਰ ਸਿੰਘ ਲੋਹਾ ਖੇੜੀ,ਸਿਮਰਨਜੀਤ ਸਿੰਘ ਬਧੋਛੀ,ਬਲਕਾਰ ਸਿੰਘ ਸੀੜਾ, ਗੁਰਬਿੰਦਰ ਸਿੰਘ ਸੈਫਲਪੁਰ,ਨਰੇਸ਼ ਦੱਤਾ, ਮਨਦੀਪ ਸਿੰਘ ਸਰਹੰਦ , ਹਰਸਪਿੰਦਰ ਸਿੰਘ ਚੀਮਾ ,ਪਰਗਟ ਸਿੰਘ ਚੀਮਾ, ਸੁਖਦੇਵ ਸਿੰਘ ਸੰਧੂ ਜੀਓਣਪੁਰਾ, ਜਸਵੀਰ ਸਿੰਘ ਮੰਡ ਲਾਹੌਰੀਆ, ਭੁਪਿੰਦਰ ਸਿੰਘ ਸੈਣੀ ,ਬੀਬੀ ਪਰਮਜੀਤ ਕੌਰ ,ਬੀਬੀ ਸੁਰਿੰਦਰਜੀਤ ਕੌਰ ਮੰਡੋਫ਼ਲ, ਬੀਬੀ ਬਲਵਿੰਦਰ ਕੌਰ ਆਦਿ ਹਾਜਰ ਸਨ।

# 25 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਲੈਣ ਵਾਸਤੇ 350 ਕਰੋੜ ਰੁਪਏ 'ਵਿਚੋਲਗਿਰੀ ਫੀਸ' ਆਪ ਵੱਲੋਂ ਸਰਕਾਰੀ ਖ਼ਜ਼ਾਨੇ ਦੀ ਸਿੱਧੀ ਲੁੱਟ : ਡਾ. ਦਲਜੀਤ ਸਿੰਘ ਚੀਮਾ

ਜ਼ਿਕਰ ਪੰਜਾਬ

**ਸ੍ਰੀ ਆਨੰਦਪੁਰ ਸਾਹਿਬ** : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਹੈ ਕਿ ਪੰਜਾਬ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ (ਆਪ) ਸਰਕਾਰ ਗਮਾਡਾ ਅਤੇ ਪੀ ਐਸ ਪੀ ਸੀ ਐਲ ਰਾਹੀਂ 25000 ਕਰੋੜ ਰੁਪਏ ਦਾ ਕਰਜ਼ਾ ਲੈਣ ਵਾਸਤੇ ਜੋ 350 ਕਰੋੜ ਰੁਪਏ ਦੀ 'ਵਿਚੋਲਗਿਰੀ ਫੀਸ' ਦੇਣ ਜਾ ਰਹੀ ਹੈ, ਉਹ ਪੰਜਾਬ ਦੇ ਖ਼ਜ਼ਾਨੇ ਦੀ ਸਿੱਧੀ ਲੁੱਟ ਹੈ ਤੇ ਅਸਲ ਵਿਚ ਇਹ ਪੈਸਾ ਆਮ ਆਦਮੀ ਪਾਰਟੀ ਦੇ ਪਸਾਰ ਵਾਸਤੇ ਵਰਤਿਆ ਜਾਣਾ ਹੈ। ਅੱਜ ਸ੍ਰੀ ਆਨੰਦਪੁਰ ਸਾਹਿਬ ਵਿਚ ਮੀਡੀਆ ਨਾਲ ਗੱਲਬਾਤ ਕਰਦਿਆਂ ਡਾ. ਦਲਜੀਤ ਸਿੰਘ ਚੀਮਾ ਨੇ ਹੈਰਾਨੀ ਪ੍ਰਗਟ ਕੀਤੀ ਕਿ ਪੰਜਾਬ ਵਿਚ ਮੁੱਖ ਸਕੱਤਰ ਸਮੇਤ ਬਹੁਤ ਜ਼ਿਆਦਾ ਕਾਬਲ ਅਫਸਰ ਬੈਠੇ ਹਨ, ਕੀ ਉਹ ਸਾਰੇ ਦੇ ਸਾਰੇ ਹੀ ਬੈਂਕਾਂ ਕੋਲ ਕਰਜ਼ਾ ਲੈਣ ਵਾਸਤੇ ਆਪਣਾ ਕੇਸ ਪੇਸ਼ ਕਰਨ ਦੇ ਸਮਰਥ ਨਹੀਂ ਰਹੇ ? ਉਹਨਾਂ ਨਾਲ ਹੀ ਕਿਹਾ ਕਿ ਅਸਲ ਵਿਚ ਇਹ 'ਵਿਚੋਲਗਿਰੀ ਫੀਸ' ਹੋਰ ਕੁਝ ਨਹੀਂ ਬਲਕਿ ਆਮ ਆਦਮੀ ਪਾਰਟੀ ਵੱਲੋਂ ਅਸਿੱਧੇ ਤੌਰ 'ਤੇ ਸਰਕਾਰੀ ਪੈਸਾ ਆਪਣੇ ਪਸਾਰ ਵਾਸਤੇ ਵਰਤਣ ਦਾ ਇਕ ਜ਼ਰੀਆ ਹੈ। ਉਹਨਾਂ ਕਿਹਾ ਕਿ ਪੰਜਾਬ ਛੱਡੋ ਕਿਸੇ ਵੀ ਸੂਬੇ ਵਿਚ ਸਰਕਾਰਾਂ ਵੱਲੋਂ ਕਰਜ਼ੇ ਚੁੱਕਣ ਵਾਸਤੇ ਇਸ ਤਰੀਕੇ ਦੀ 'ਵਿਚੋਲਗਿਰੀ ਫੀਸ' ਦੇਣ ਦੀ ਗੱਲ ਪਹਿਲਾਂ ਨਾ ਕਦੇ ਕਿਸੇ ਨੇ ਸੁਣੀ ਹੈ ਤੇ ਨਾ ਹੀ ਅਮਲੀ ਰੂਪ ਵਿਚ ਸਾਹਮਣੇ ਆਈ ਹੈ। ਉਹਨਾਂ ਕਿਹਾ ਕਿ



ਅਸਲੀਅਤ ਇਹ ਹੈ ਕਿ ਆਪ ਸਰਕਾਰ ਨੇ ਪੰਜਾਬ ਸਿਰ ਸਾਢੇ ਚਾਰ ਲੱਖ ਕਰੋੜ ਰੁਪਏ ਦਾ ਕਰਜ਼ਾ ਚਾੜ੍ਹ ਦਿੱਤਾ ਹੈ ਤੇ ਅੱਜ ਹਰ ਇਕ ਪੰਜਾਬੀ ਸਿਰ ਡੇਢ ਲੱਖ ਰੁਪਏ ਦਾ ਕਰਜ਼ਾ ਹੈ। ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਕਾਂਗਰਸ ਦੀ ਸੀਨੀਅਰ ਲੀਡਰਸ਼ਿਪ ਵੱਲੋਂ ਹੀਰੋ ਬਣਾਏ ਜਾਣ ਅਤੇ ਪੰਜਾਬ ਵਿੱਚ ਸਥਾਨਕ ਅੱਗੋਂ ਵੱਲੋਂ ਉਸਦਾ ਵਿਰੋਧ ਕੀਤੇ ਜਾਣ ਨੂੰ ਡਾ. ਦਲਜੀਤ ਸਿੰਘ ਚੀਮਾ ਨੇ ਇੱਕ ਡਰਾਮਾ ਕਰਾਰ ਦਿੰਦਿਆਂ ਕਿਹਾ ਕਿ ਕਾਂਗਰਸੀਆਂ ਨੂੰ ਸੱਜਣ ਕੁਮਾਰ ਅਤੇ 1984 ਦੇ ਮਾਮਲੇ ਵਿੱਚ ਹੋਰ ਆਗੂਆਂ ਬਾਰੇ ਸਪਸ਼ਟ ਹੋਣ ਦੀ ਲੋੜ ਹੈ। ਉਹਨਾਂ ਕਿਹਾ ਕਿ ਕਾਂਗਰਸੀ ਜੇਕਰ ਵਿਰੋਧ ਕਰਨਾ ਚਾਹੁੰਦੇ ਹਨ ਤਾਂ ਖੁੱਲ ਕੇ ਜਗਦੀਸ਼ ਟਾਈਟਲਰ ਅਤੇ ਕਮਲਨਾਥ ਦਾ ਵੀ ਵਿਰੋਧ ਕਾਰਨ ਅਤੇ ਪਾਰਟੀ ਹਾਈ ਕਮਾਂਡ ਤੋਂ ਮੰਗ ਕਰਨ ਕਿ ਉਹਨਾਂ ਨੂੰ ਪਾਰਟੀ ਵਿੱਚੋਂ ਕੱਢਿਆ ਜਾਵੇ। ਉਹਨਾਂ ਕਿਹਾ ਕਿ ਕਾਂਗਰਸੀ ਆਗੂ ਚੋਣਾਂ ਤੋਂ ਪਹਿਲਾਂ ਪੰਜਾਬ ਵਿੱਚ ਕੁਝ ਹੋਰ ਬਿਆਨ ਦੇ ਰਹੇ ਹਨ ਅਤੇ ਹਰਿਆਣੇ ਵਿੱਚ ਕੁਝ ਹੋਰ ਬਿਆਨ ਦੇ ਰਹੇ ਹਨ ਜਦੋਂ ਕਿ ਕਾਂਗਰਸ ਦੀ ਕੌਮੀ ਲੀਡਰਸ਼ਿਪ ਨੇ ਚੁੱਪ ਵੱਟੀ ਹੋਈ ਹੈ। ਡਾ. ਚੀਮਾ ਨੇ ਮੁੱਖ ਮੰਤਰੀ ਦੇ ਪਰਿਵਾਰ ਨਾਲ ਜੁੜੇ ਦੱਸੇ ਜਾ ਰਹੇ ਇੱਕ ਗੰਭੀਰ ਮਾਮਲੇ ਦਾ ਜ਼ਿਕਰ ਕਰਦਿਆਂ ਦੋਸ਼ ਲਾਇਆ ਕਿ ਅਦਾਲਤ ਵਿੱਚ ਦਾਇਰ ਇੱਕ ਪਟੀਸ਼ਨ ਵਿੱਚ ਬਲਾਤਕਾਰ ਦੇ ਇੱਕ ਮਾਮਲੇ ਨੂੰ ਰਫ਼ਾ-ਦਫ਼ਾ ਕਰਨ ਲਈ ਮੁੱਖ ਮੰਤਰੀ ਦੇ ਪਰਿਵਾਰ ਅਤੇ ਰਿਸ਼ਤੇਦਾਰਾਂ ਵੱਲੋਂ ਪੰਜ ਕਰੋੜ ਰੁਪਏ ਮੰਗਣ ਦੇ ਦੋਸ਼ ਲੱਗੇ ਹਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਹਾਈਕੋਰਟ ਅਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਵੀ ਸਰਕਾਰ ਤੋਂ ਜਵਾਬ ਮੰਗਿਆ ਗਿਆ ਹੈ। ਡਾ. ਚੀਮਾ ਨੇ ਕਿਹਾ ਕਿ ਪਹਿਲਾਂ ਵੀ ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਵੱਲੋਂ ਮੁੱਖ ਮੰਤਰੀ ਦੇ ਓਐਸਡੀ 'ਤੇ ਪੈਸਿਆਂ ਦੇ ਲੈਣ-ਦੇਣ ਸਬੰਧੀ ਦੋਸ਼ ਲਾਏ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਗੰਭੀਰ ਦੋਸ਼ਾਂ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਮੰਗ ਕੀਤੀ ਕਿ ਮੁੱਖ ਮੰਤਰੀ ਵੱਲੋਂ ਖੁਦ ਨੂੰ ਕਲੀਨ ਚਿੱਟ ਦੇਣ ਦੀ ਬਜਾਏ ਮਾਮਲੇ ਦੀ ਜਾਂਚ ਸੀਬੀਆਈ ਜਾਂ ਹਾਈਕੋਰਟ ਦੇ ਮੌਜੂਦਾ ਜੱਜ ਤੋਂ ਕਰਵਾਈ ਜਾਵੇ, ਤਾਂ ਜੋ ਸੱਚਾਈ ਲੋਕਾਂ ਸਾਹਮਣੇ ਆ ਸਕੇ। ਮੁਲਾਜ਼ਮਾਂ ਦੇ ਬਕਾਏ ਅਤੇ ਮਹਿੰਗਾਈ ਭੱਤੇ ਦੇ ਮੁੱਦੇ 'ਤੇ ਅਕਾਲੀ ਆਗੂ ਨੇ ਕਿਹਾ ਕਿ ਮੁਲਾਜ਼ਮਾਂ ਦੇ 15 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੇ ਮਹਿੰਗਾਈ ਭੱਤੇ (ਡੀ ਏ) ਦੇ ਬਕਾਏ ਅਦਾ ਕਰਨ ਸਬੰਧੀ ਅਦਾਲਤੀ ਹੁਕਮਾਂ ਦੇ ਬਾਵਜੂਦ ਸਰਕਾਰ ਵੱਲੋਂ ਇਨ੍ਹਾਂ ਦੀ ਅਦਾਇਗੀ ਨਹੀਂ ਕੀਤੀ ਜਾ ਰਹੀ। ਉਨ੍ਹਾਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਵਿੱਤ ਵਿਭਾਗ ਦੇ ਫ਼ੈਸਲੇ ਦਾ ਹਵਾਲਾ ਦੇਣ 'ਤੇ ਵੀ ਸਵਾਲ ਉਠਾਏ ਅਤੇ ਕਿਹਾ ਕਿ ਸਰਕਾਰ ਨੂੰ ਅਦਾਲਤੀ ਹੁਕਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਪ੍ਰਦੂਸ਼ਣ ਦੇ ਮਾਮਲੇ 'ਤੇ ਰੋਪੜ ਵਿਖੇ ਕੀਤੀ ਕਾਰਵਾਈ 'ਤੇ ਸਵਾਲ ਖੜ੍ਹੇ ਕੀਤੇ।ਉਨ੍ਹਾਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਦਰਿਆਵਾਂ ਵਿੱਚ ਗੰਦਾ ਪਾਣੀ ਸੁੱਟਣ ਦੇ ਮਾਮਲਿਆਂ ਵਿੱਚ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਕਾਰਵਾਈ ਦੀ ਬਜਾਏ ਪੁਲੀਸ ਵੱਲੋਂ ਕੇਸ ਦਰਜ ਕਰਨਾ ਮਹਿਜ਼ ਦਿਖਾਵਾ ਹੈ। ਉਨ੍ਹਾਂ ਵਿਭਾਗ, ਸਨਅਤ ਅਤੇ 'ਆਪ' ਵਿਧਾਇਕ ਦਰਮਿਆਨ ਕਥਿਤ ਮਿਲੀਭੁਗਤ ਦਾ ਖ਼ਦਸ਼ਾ ਵੀ ਜ਼ਾਹਰ ਕੀਤਾ।

# ਤੂ.ਫਾਨ 5 ਰਾਜਾਂ ਵਿੱਚ ਅਲਰਟ ਜਾਰੀ

ਜ਼ਿਕਰ ਪੰਜਾਬ

**ਨਵੀਂ ਦਿੱਲੀ** : ਬੰਗਾਲ ਦੀ ਖਾੜੀ ਵਿੱਚ ਬਣੇ ਚੱਕਰਵਾਤੀ ਦਬਾਅ ਅਤੇ ਤੇਜ਼ ਮਾਨਸੂਨੀ ਟਰੱਫ ਦੇ ਮੇਲ ਕਾਰਨ 24 ਅਗਸਤ ਨੂੰ ਕੁਦਰਤ ਦਾ ਭਿਆਨਕ ਰੂਪ ਦੇਖਣ ਨੂੰ ਮਿਲ ਸਕਦਾ ਹੈ। ਮੌਸਮ ਵਿਭਾਗ ਅਨੁਸਾਰ, 85 ਕਿਲੋਮੀਟਰ ਪ੍ਰਤੀ ਘੰਟਾ ਦੀ ਤੂਫਾਨੀ ਰਫ਼ਤਾਰ ਨਾਲ ਹਵਾਵਾਂ ਚੱਲਣ ਦੀ ਸੰਭਾਵਨਾ ਹੈ, ਜਿਸ ਨਾਲ ਓਡੀਸ਼ਾ, ਉੱਤਰਾਖੰਡ, ਹਿਮਾਚਲ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਬਿਹਾਰ ਵਰਗੇ 5 ਰਾਜਾਂ ਵਿੱਚ ਮੁਸੀਬਤ ਆ ਸਕਦੀ ਹੈ। ਪਹਾੜਾਂ 'ਤੇ ਜਿੱਥੇ ਸ਼ਿਮਲਾ, ਮਨਾਲੀ, ਦੇਹਰਾਦੂਨ ਅਤੇ ਨੈਨੀਤਾਲ ਭਾਰੀ ਬਾਰਿਸ਼, ਬੱਦਲ ਫਟਣ ਅਤੇ ਜ਼ਮੀਨ ਖਿਸਕਣ ਦੇ ਖਤਰੇ ਨਾਲ ਕੰਬ ਰਹੇ ਹਨ। ਉੱਥੇ ਹੀ ਮੈਦਾਨੀ ਇਲਾਕਿਆਂ ਵਿੱਚ ਪਟਨਾ, ਭੁਵਨੇਸ਼ਵਰ, ਕਟਕ ਅਤੇ ਗੋਰਖਪੁਰ ਵਿੱਚ ਉੱਭਰਦੀਆਂ ਨਦੀਆਂ ਹੜ੍ਹ ਦਾ ਤਾਂਡਵ ਮਚਾ ਸਕਦੀਆਂ ਹਨ। ਦੂਜੇ ਪਾਸੇ ਲਖਨਊ ਅਤੇ ਨਵੀਂ ਦਿੱਲੀ ਵਰਗੇ ਸ਼ਹਿਰਾਂ ਵਿੱਚ ਮਾਨਸੂਨੀ ਬ੍ਰੇਕ ਕਾਰਨ ਛਿੱਟੇ-ਪੁੱਟ ਬਾਰਿਸ਼ ਦੇ ਵਿਚਕਾਰ 85% ਤੋਂ ਵੱਧ ਨਮੀ ਦਾ ਪੱਧਰ ਅਤੇ ਭਿਆਨਕ ਗਰਮੀ ਲੋਕਾਂ ਦੇ ਪਸੀਨੇ ਛੁਡਾ ਕੇ ਦਹਿਸ਼ਤ ਮਚਾਉਣ ਵਾਲੀ ਹੈ।

# ਬੰਗਲਾਦੇਸ਼ ਦੇ ਪ੍ਰਧਾਨ ਮੰਤਰੀ ਦੇ ਭਾਰਤ ਦੌਰੇ ਲਈ ਕੋਈ ਜਲਦਬਾਜ਼ੀ ਨਹੀਂ, ਰਾਸ਼ਟਰੀ ਹਿੱਤ ਤਰਜੀਹ : ਮੰਤਰੀ

ਜ਼ਿਕਰ ਪੰਜਾਬ

**ਢਾਕਾ** : ਇੱਕ ਮੀਡੀਆ ਰਿਪੋਰਟ ਦੇ ਅਨੁਸਾਰ, ਬੰਗਲਾਦੇਸ਼ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਤਾਰਿਕ ਰਹਿਮਾਨ ਨੂੰ ਭਾਰਤ ਆਉਣ ਦੀ ਕੋਈ ਜਲਦੀ ਨਹੀਂ ਹੈ ਅਤੇ ਢਾਕਾ ਆਪਣੇ ਰਾਸ਼ਟਰੀ ਹਿੱਤਾਂ ਨਾਲ ਸਮਝੌਤਾ ਨਹੀਂ ਕਰੇਗਾ ਭਾਵੇਂ ਉਹ ਨਵੀਂ ਦਿੱਲੀ ਨਾਲ ਸਕਾਰਾਤਮਕ ਸਬੰਧ ਚਾਹੁੰਦਾ ਹੈ। ਵਿਦੇਸ਼ ਰਾਜ ਮੰਤਰੀ ਹੁਮਾਈਊਨ ਕੋਬੀਰ ਨੇ ਸ਼ਨੀਵਾਰ ਨੂੰ ਢਾਕਾ ਵਿੱਚ ਇਹ ਟਿੱਪਣੀ ਕੀਤੀ, ਉਨ੍ਹਾਂ ਕਿਹਾ ਕਿ ਰਹਿਮਾਨ ਦੀ ਭਾਰਤ ਯਾਤਰਾ ਦੁਵੱਲੀ ਚਰਚਾ ਵਿੱਚ ਕਾਫ਼ੀ ਪ੍ਰਗਤੀ ਤੋਂ ਬਾਅਦ ਢੁਕਵੇਂ ਸਮੇਂ 'ਤੇ ਹੋਵੇਗੀ। ਕੋਬੀਰ ਦੀਆਂ ਟਿੱਪਣੀਆਂ ਰਹਿਮਾਨ ਦੀ ਨਵੀਂ ਦਿੱਲੀ ਫੇਰੀ ਨੂੰ ਲੈ ਕੇ ਜਾਰੀ ਅਨਿਸ਼ਚਿਤਤਾ ਦੇ ਵਿਚਕਾਰ ਆਈਆਂ ਹਨ। ਭਾਰਤ ਨੇ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਨੂੰ ਦੁਵੱਲੀ ਫੇਰੀ ਲਈ ਸੱਦਾ ਦਿੱਤਾ ਹੈ ਅਤੇ ਨਾਲ ਹੀ 12-13 ਸਤੰਬਰ ਨੂੰ ਹੋਣ ਵਾਲੇ ਬ੍ਰਿਕਸ ਸੰਮੇਲਨ ਦੇ ਆਊਟਰੀਚ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਵੀ ਸੱਦਾ ਦਿੱਤਾ ਹੈ। ਇਸ ਬਹੁਤ-ਉਮੀਦ ਕੀਤੀ ਜਾ ਰਹੀ ਫੇਰੀ ਨੂੰ ਭਾਰਤ-ਬੰਗਲਾਦੇਸ਼ ਸਬੰਧਾਂ ਦੇ ਪੁਨਰ ਨਿਰਮਾਣ ਲਈ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ, ਜਿਨ੍ਹਾਂ ਵਿੱਚ ਅਗਸਤ 2024 ਵਿੱਚ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਸਰਕਾਰ ਨੂੰ ਹਟਾਏ ਜਾਣ ਤੋਂ ਬਾਅਦ ਗਿਰਾਵਟ ਆਈ ਸੀ । ਹਸੀਨਾ ਆਪਣੀ ਸਰਕਾਰ ਡਿੱਗਣ ਤੋਂ ਬਾਅਦ ਭਾਰਤ ਭੱਜ ਗਈ ਸੀ। ਢਾਕਾ ਨੇ ਉਦੋਂ ਤੋਂ ਉਸਦੀ ਹਵਾਲਗੀ ਦੀ ਮੰਗ ਕੀਤੀ ਹੈ, ਜਦੋਂ ਕਿ ਨਵੀਂ ਦਿੱਲੀ ਨੇ ਕਿਹਾ ਹੈ ਕਿ ਬੇਨਤੀ ਲਾਗੂ ਕਾਨੂੰਨੀ ਪ੍ਰਕਿਰਿਆਵਾਂ ਦੇ ਅਨੁਸਾਰ ਜਾਂਚ ਅਧੀਨ ਹੈ। ਅਸੀਂ ਭਾਰਤ ਨਾਲ ਇੱਕ ਸਕਾਰਾਤਮਕ ਸਬੰਧ ਚਾਹੁੰਦੇ ਹਾਂ।ਅਸੀਂ ਕਿਉਂ ਨਹੀਂ ਕਰਾਂਗੇ? ਉਹ ਸਾਡੇ ਗੁਆਂਢੀ ਹਨ। ਸਾਡੇ ਵਿੱਚ ਇੱਕ ਕੰਮਕਾਜੀ ਸਬੰਧ ਹੋਣੇ ਚਾਹੀਦੇ ਹਨ, ਕੋਬੀਰ ਨੇ ਕਿਹਾ, ਜੋ ਬੰਗਲਾਦੇਸ਼ ਦੇ ਪ੍ਰਧਾਨ ਮੰਤਰੀ ਦੇ ਸਲਾਹਕਾਰ ਹਨ, ਜਿਨ੍ਹਾਂ ਨੂੰ ਸ਼ੁੱਕਰਵਾਰ ਨੂੰ ਰਾਜ ਮੰਤਰੀ ਨਿਯੁਕਤ ਕੀਤਾ ਗਿਆ ਸੀ। ਪਰ ਇਹ ਬੰਗਲਾਦੇਸ਼ ਦੇ ਰਾਸ਼ਟਰੀ ਹਿੱਤਾਂ ਨੂੰ ਤਰਜੀਹ ਦੇ ਕੇ ਕੀਤਾ ਜਾਣਾ ਚਾਹੀਦਾ ਹੈ, ਉਨ੍ਹਾਂ ਕਿਹਾ, ਇਹ ਵੀ ਕਿਹਾ ਕਿ ਢਾਕਾ ਕਿਸੇ ਵੀ ਦੇਸ਼ ਨਾਲ ਨਜਿੱਠਣ ਵਿੱਚ ਆਪਣੇ ਹਿੱਤਾਂ ਨਾਲ ਸਮਝੌਤਾ ਨਹੀਂ ਕਰੇਗਾ। ਰਹਿਮਾਨ ਦੀ ਸੰਭਾਵਿਤ ਭਾਰਤ ਫੇਰੀ ਦੇ ਸਮੇਂ ਬਾਰੇ ਪੁੱਛੇ ਜਾਣ 'ਤੇ, ਕੋਬੀਰ ਦੇ ਹਵਾਲੇ ਨਾਲ ਬੀਐਸਐਸ ਨੇ ਕਿਹਾ ਕਿ ਸਰਕਾਰ ਦੇ ਮੁਖੀ ਪੱਧਰ ਦੀ ਮੀਟਿੰਗ ਵਿੱਚ ਜਲਦਬਾਜ਼ੀ ਕਰਨ ਦੀ ਕੋਈ ਲੋੜ ਨਹੀਂ ਹੈ। ਜੇਕਰ ਅਸੀਂ ਕੱਲ੍ਹ ਆਪਣੇ ਰਾਸ਼ਟਰੀ ਹਿੱਤਾਂ ਦੇ ਆਧਾਰ 'ਤੇ ਕਿਸੇ ਸਮਝੌਤੇ 'ਤੇ ਪਹੁੰਚਦੇ ਹਾਂ, ਤਾਂ ਅਸੀਂ ਅਗਲੇ ਹਫ਼ਤੇ ਜਾਂ ਉਸ ਤੋਂ ਅਗਲੇ ਹਫ਼ਤੇ (ਭਾਰਤ) ਜਾ ਸਕਦੇ ਹਾਂ। ਇੱਥੇ ਕੋਈ ਜਲਦਬਾਜ਼ੀ ਨਹੀਂ ਹੈ, ਰਾਜ ਮੰਤਰੀ ਨੇ ਕਿਹਾ, ਉਨ੍ਹਾਂ ਕਿਹਾ ਕਿ ਅਜਿਹੀ ਫੇਰੀ ਲਈ ਦੋਵਾਂ ਧਿਰਾਂ ਵਿਚਕਾਰ ਲੋੜੀਂਦੀ ਤਿਆਰੀ, ਠੋਸ ਵਿਚਾਰ-ਵਟਾਂਦਰੇ ਅਤੇ ਜ਼ਰੂਰੀ ਜ਼ਮੀਨੀ ਕੰਮ ਦੀ ਲੋੜ ਹੈ।

ਅਸ਼ਵਨੀ ਜੇਤਲੀ ਮਾਲਕ, ਐਡੀਟਰ/ਪ੍ਰਿੰਟਰ ਤੇ ਪਬਲਿਸ਼ਰ ਨੇ ਰੋਟਰੀ ਪ੍ਰਿੰਟਰਜ਼ ਤੋਂ ਛਪਵਾ ਕੇ ਦਫਤਰ ਜ਼ਿਕਰ ਪੰਜਾਬ (ਸਪਤਾਹਿਕ) 7, ਮਾਣਕ ਇਨਕਲੇਵ, ਧਾਂਦਰਾ ਰੋਡ, ਲੁਧਿਆਣਾ ਤੋਂ ਪ੍ਰਕਾਸ਼ਿਤ ਕੀਤਾ।
Published, Printed & Owned by Ashwani Jaitly Published at 7, Manak Enclave, Dhandra Road, Ludhiana, Punjab State Printed at Rotary Printers, Kot Almgir, Ludhiana, Punjab State Editor- Ashwani Jaitly